# ਪਾਠ 10 ਜਾਤ-ਸਮਾਜ

## ਪਾਠ ਦੀ ਰੂਪ-ਰੇਖਾ


10.0 ਮਨੋਰਥ
10.1 ਭੂਮਿਕਾ
10.2 ਸਮਾਜ ਕੀ ਹੁੰਦਾ ਹੈ
10.3 ਸਮਾਜ ਦੀਆਂ ਕਿਸਮਾਂ
10.4 ਜਾਤ ਦੀ ਪਰਿਭਾਸ਼ਾ ਅਤੇ ਇਸ ਦੇ ਮੁੱਖ ਲੱਛਣ
10.5 ਜਾਤ ਦੀ ਆਰਥਕ ਪ੍ਰਨਾਲੀ
10.6 ਜਾਤ-ਪ੍ਰਨਾਲੀ ਵਿਚ ਪਰੀਵਰਤਨ
10.7 ਸਾਰ
10.8 ਅਭਿਆਸਾਂ ਦੇ ਉੱਤਰ


## 10.0 ਮਨੋਰਥ

ਇਸ ਪਾਠ ਵਿੱਚ ਵਿਦਿਆਰਥੀਆਂ ਨੂੰ ਇਹ ਦੱਸਣ ਦਾ ਜਤਨ ਕੀਤਾ ਗਿਆ ਹੈ ਕਿ ਹਿੰਦੁਸਤਾਨੀ ਸਮਾਜ ਜਾਤ-ਸਮਾਜ ਹੈ ਤੇ ਹੁਣ ਇਸ ਦੀ ਪੁਰਾਣੀ ਬਣਤਰ ਵਿੱਚ ਹੌਲੀ-ਹੌਲੀ ਤਬਦੀਲੀਆਂ ਵਾਪਰਨੀਆਂ ਸ਼ੁਰੂ ਹੋ ਚੁੱਕੀਆਂ ਹਨ।

## 10.1 ਭੂਮਿਕਾ

ਆਸ ਕੀਤੀ ਜਾਂਦੀ ਹੈ ਕਿ ਇਸ ਪਾਠ ਨੂੰ ਪੜ੍ਹ ਕੇ ਤੁਸੀਂ ਸਮਝ ਸਕੋਗੇ ਕਿ ਸਮਾਜ ਕੀ ਹੁੰਦਾ ਹੈ ਤੇ ਇਸ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹੁੰਦੀਆਂ ਹਨ; ਜਾਤ-ਸਮਾਜ ਕਿਸ ਨੂੰ ਕਹਿੰਦੇ ਹਨ ਤੇ ਸਾਡੇ ਦੇਸ਼ ਵਿੱਚ ਇਸ ਦਾ ਕੀ ਰੂਪ ਹੈ ? ਅਸੀਂ ਪਾਠ-ਸਮੱਗਰੀ ਨੂੰ ਹੇਠ-ਲਿਖੀ ਤਰਤੀਬ ਨਾਲ ਪੇਸ਼ ਕੀਤਾ ਹੈ:

ੳ) ਸਮਾਜ ਕੀ ਹੁੰਦਾ ਹੈ
ਅ) ਸਮਾਜਾਂ ਦੀਆਂ ਕਿਸਮਾਂ
ੲ) ਕਬਾਇਲੀ ਸਮਾਜ ਦੇ ਲੱਛਣ
ਸ) ਹਿੰਦੁਸਤਾਨੀ ਸਮਾਜ, ਜਾਤ-ਸਮਾਜ ਹਨ
ਹ) ਸਿੱਖ ਅਤੇ ਮੁਸਲਿਮ ਸਮਾਜਾਂ ਵਿੱਚ ਜਾਤ ਦੇ ਅੰਸ਼
ਕ) ਜਾਤ-ਸਮਾਜ ਦੀ ਪਰਿਭਾਸ਼ਾ ਤੇ ਇਸ ਦੇ ਮੁੱਖ ਲੱਛਣ
ਖ) ਜਾਤ-ਸਮਾਜ ਵਿੱਚ ਪ੍ਰਬੰਧ
ਗ) ਜਾਤ-ਸਮਾਜ ਵਿੱਚ ਪਰਿਵਰਤਨ

ਜੇ ਇਸ ਪਾਠ ਨੂੰ ਤੁਸੀਂ ਧਿਆਨ ਨਾਲ ਪੜ੍ਹਨ ਤੇ ਸਮਝਣ ਦਾ ਜਤਨ ਕੀਤਾ ਤਾਂ ਆਪਣੇ ਆਲੇ-ਦੁਆਲੇ ਦੇ, ਖ਼ਾਸ ਕਰਕੇ ਆਪਣੇ ਪਿੰਡ ਦੇ ਸਮਾਜ ਵਿਚ ਜਾਤ-ਪ੍ਰਬੰਧ ਉਤੇ ਘੋਖਵੀਂ ਦ੍ਰਿਸ਼ਟੀ ਪਾਉਣ ਦੇ ਯੋਗ ਹੋ ਜਾਓਗੇ।

## 10.2 ਸਮਾਜ ਕੀ ਹੁੰਦਾ ਹੈ

ਮਨੁੱਖ ਆਪਣੇ ਆਪ ਵਿੱਚ ਅਪੂਰਨ ਹੈ। ਉਹ ਇਕਾਂਤ ਵਿਚ ਜੀ ਨਹੀਂ ਸਕਦਾ। ਘੋਰ ਇਕਾਂਤ ਵਿਚ ਤੇ ਜਾਨਵਰਾਂ ਵਿਚ ਪਲੇ ਮਨੁੱਖਾਂ ਦੇ ਉਦਾਹਰਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਇਸ ਤਰ੍ਹਾਂ ਦੇ ਬੱਚੇ ਮਨੁੱਖੀ ਹੋਣ ਦੇ ਬਾਵਜੂਦ ਮਨੁੱਖ ਨਹੀਂ ਹੁੰਦੇ, ਅਤੇ ਬਹੁਤਾ ਚਿਰ ਜੀ ਵੀ ਨਹੀਂ ਸਕਦੇ। ਵੱਖ-ਵੱਖ ਲੋੜਾਂ ਦੀ ਪੂਰਤੀ ਲਈ ਮਨੁੱਖਾਂ ਨੂੰ ਇਕ ਦੂਜੇ ਦਾ ਸਹਾਰਾ ਲੈਣਾ ਪੈਂਦਾ ਹੈ। ਲਿੰਗ ਤੇ ਸਾਕ ਦੀ ਭੁੱਖ ਦੀ ਤਰਿਪਤੀ ਲਈ ਮਨੁੱਖ ਨੇ ਕਈ ਤਰੀਕਿਆਂ ਦਾ ਵਿਕਾਸ ਕੀਤਾ ਹੈ, ਜਿਨ੍ਹਾਂ ਵਿੱਚੋਂ ਵਿਆਹ ਸਭ ਤੋਂ ਵੱਧ ਮਹੱਤਵਪੂਰਨ ਹੈ। ਇਸ ਨਾਲ ਮਨੁੱਖ ਦੇ ਨਾ ਕੇਵਲ ਇਸਤਰੀ ਨਾਲ, ਸਗੋਂ ਉਸ ਦੇ ਹੋਰ ਸਾਕਾਂ-ਸੰਗੀਆਂ ਨਾਲ ਵੀ ਸੰਬੰਧ ਬਣ ਜਾਂਦੇ ਹਨ। ਇਹ ਸੰਬੰਧ ਕਈ ਤਰ੍ਹਾਂ ਦੇ ਹੁੰਦੇ ਹਨ। ਬੱਚੇ ਪਾਲਣ ਲਈ ਮਨੁੱਖ ਨੇ ਪਰੀਵਾਰ ਦੀ ਸੰਸਥਾ ਦੀ ਸਥਾਪਨਾ ਕੀਤੀ ਹੈ, ਜਿਸ ਨਾਲ ਉਸ ਦੇ ਭੈਣਾ-ਭਰਾਵਾਂ, ਮਾਪਿਆਂ, ਚਾਚਿਆਂ-ਤਾਇਆਂ, ਚਾਚੀਆਂ-ਤਾਈਆਂ, ਪੁੱਤਰਾਂ-ਧੀਆਂ, ਪੋਤਿਆਂ-ਦੋਹਤਿਆਂ, ਆਦਿ ਨਾਲ ਸੰਬੰਧ ਪੈਦਾ ਹੁੰਦੇ ਹਨ।

ਇਨ੍ਹਾਂ ਸੰਬੰਧਾਂ ਨੂੰ 'ਸਾਕਾਦਾਰੀ ਸੰਬੰਧ' ਆਖਦੇ ਹਨ। ਮਨੁੱਖ, ਪਾਣੀ, ਅੱਗ, ਬੂਟਿਆਂ, ਨਦੀਆਂ, ਇਸ਼ਟਾਂ, ਦੇਵੀਆਂ-ਦੇਵਤਿਆਂ, ਗੁਰੂਆਂ, ਪੀਰਾਂ-ਫਕੀਰਾਂ, ਸਾਧੂਆਂ-ਸੰਤਾਂ, ਆਦਿ ਨਾਲ ਆਪਣਾ ਸੰਬੰਧ ਜੋੜਦਾ ਹੈ ਤੇ ਇਨ੍ਹਾਂ ਬਾਕੀ ਦੇ ਮਨੁੱਖਾਂ ਨਾਲ ਵੀ ਸੰਬੰਧਿਤ ਹੁੰਦਾ ਹੈ। ਇਨ੍ਹਾਂ ਸੰਬੰਧਾਂ ਨੂੰ 'ਧਾਰਮਿਕ ਸੰਬੰਧ' ਆਖਦੇ ਹਨ। ਗਿਆਨ-ਪ੍ਰਾਪਤੀ ਲਈ ਵਿਅਕਤੀ, ਸਕੂਲਾਂ-ਕਾਲਜਾਂ, ਯੂਨੀਵਰਸਿਟੀਆਂ ਵਿਚ ਕੰਮ ਕਰਨ ਵਾਲੇ ਅਧਿਆਪਕਾਂ ਅਤੇ ਸਹਿਪਾਠੀਆਂ ਨਾਲ ਸੰਬੰਧਿਤ ਹੁੰਦਾ ਹੈ। ਰੋਟੀ, ਕੱਪੜੇ, ਮਕਾਨ (ਕੁੱਲੀ, ਗੁੱਲੀ, ਜੁੱਲੀ) ਦੀਆਂ ਲੋੜਾਂ ਦੀ ਪੂਰਤੀ ਲਈ ਮਨੁੱਖ ਹੋਰ ਮਨੁੱਖਾਂ ਨਾਲ ਵੱਖ-ਵੱਖ ਤਰੀਕਿਆਂ ਰਾਹੀਂ ਸੰਬੰਧਿਤ ਹੁੰਦਾ ਹੈ। ਇਨ੍ਹਾਂ ਸੰਬੰਧਾਂ ਨੂੰ ਆਰਥਿਕ ਸੰਬੰਧ ਆਖਿਆ ਜਾਂਦਾ ਹੈ। ਏਸੇ ਤਰ੍ਹਾਂ ਖੇਡਣ ਅਤੇ ਦਿਲਪਰਚਾਵੇ ਲਈ ਵਿਅਕਤੀ ਹੋਰ ਲੋਕਾਂ ਉੱਤੇ ਨਿਰਭਰ ਹੁੰਦਾ ਹੈ। ਰਾਜ-ਸੱਤਾ ਦੀ ਭਾਲ ਵਿਚ ਵਿਅਕਤੀ ਰਾਜਨੀਤਿਕ ਪਾਰਟੀਆਂ ਅਤੇ ਹੋਰ ਲੋਕਾਂ ਨਾਲ ਸੰਬੰਧ ਪੈਦਾ ਕਰਦਾ ਹੈ। ਅਸਲ ਵਿਚ ਮਨੁੱਖ ਬਾਕੀ ਲੋਕਾਂ ਨਾਲ ਇਸ ਤਰ੍ਹਾਂ ਇਕ ਅਜਿਹੇ ਅਤੁੱਟ ਤਰੀਕੇ ਨਾਲ ਜੁੜਿਆ ਹੋਇਆ ਹੁੰਦਾ ਹੈ ਕਿ ਉਸ ਨੂੰ ਰਾਤ ਵੇਲੇ ਇਕੱਲੇ ਸੁੱਤਿਆਂ ਹੋਇਆਂ ਵੀ ਹੋਰ ਲੋਕਾਂ ਦੇ ਹੀ ਸੁਪਨੇ ਆਉਂਦੇ ਹਨ। ਇਨ੍ਹਾਂ ਵੱਖ-ਵੱਖ ਸੰਬੰਧਾਂ ਦੇ ਤਾਣੇ ਬਾਣੇ ਨੂੰ ਸਮਾਜ ਆਖਦੇ ਹਨ।

## 10.3 ਸਮਾਜ ਦੀਆਂ ਕਿਸਮਾਂ

ਮਨੁੱਖੀ ਸਮਾਜ ਨੂੰ ਕਈ ਤਰੀਕਿਆਂ ਨਾਲ ਵਰਗਬੱਧ ਕੀਤਾ ਜਾ ਸਕਦਾ ਹੈ। ਇਨ੍ਹਾਂ ਵਿੱਚੋਂ ਇਕ ਤਰੀਕਾ ਇਸ ਨੂੰ ਕਬਾਇਲੀ ਸਮਾਜ, ਜਾਤ-ਸਮਾਜ ਅਤੇ ਵਰਗ-ਸਮਾਜ ਵਿਚ ਵੰਡਣ ਦਾ ਹੈ। ਇਤਿਹਾਸਕ ਤੌਰ ਉੱਤੇ ਪਹਿਲਾਂ ਮਨੁੱਖ ਕਬਾਇਲੀ ਸਮਾਜ ਵਿੱਚ ਰਹਿੰਦਾ ਸੀ। ਫੇਰ ਖਾਸ ਕਰ ਹਿੰਦੁਸਤਾਨ ਵਿਚ, ਇਸ ਨੇ ਜਾਤ-ਸਮਾਜ ਦਾ ਰੂਪ ਧਾਰਨ ਕਰ ਲਿਆ। ਕੁੱਝ ਦੇਸ਼ਾਂ ਵਿਚ ਵਰਗ-ਸਮਾਜ ਪਿੱਛੋਂ ਹੋਂਦ ਵਿਚ ਆਏ। ਹਿੰਦੁਸਤਾਨੀ ਸਮਾਜ ਵੀ ਹੁਣ ਵਰਗ-ਸਮਾਜ ਦੀਆਂ ਲੀਹਾਂ ਉੱਤੇ ਵਿਕਾਸ ਕਰ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਕੁੱਝ ਦੇਸ਼ਾਂ ਵਿਚ ਹੁਣ ਵਰਗਰਹਿਤ ਸਮਾਜ ਦੀ ਉਸਾਰੀ ਦੇ ਜਤਨ ਵੀ ਕੀਤੇ ਜਾ ਰਹੇ ਹਨ। ਇਨ੍ਹਾਂ ਨੂੰ ਸਮਾਜਵਾਦੀ ਦੇਸ਼' ਆਖਿਆ ਜਾਂਦਾ ਹੈ।

**ਕਬਾਇਲੀ ਸਮਾਜ :** ਸਾਂਝਾ ਨਾਮ, ਸਾਂਝਾ ਵਿਰਸਾ, ਸਾਂਝਾ ਧਰਮ, ਇੱਕੋ ਨਸਲ, ਅਤੇ ਸਾਂਝਾ ਰਾਜ-ਪ੍ਰਬੰਧ, ਕਬਾਇਲੀ ਸਮਾਜ ਦੇ ਕੁੱਝ ਮੁੱਖ ਲੱਛਣ ਹਨ। ਕਬੀਲਾ ਅੱਗੋਂ ਉਪਕਬੀਲਿਆਂ ਅਤੇ ਗੋਤਾਂ ਵਿਚ ਵੰਡਿਆ ਹੋਇਆ ਹੁੰਦਾ ਹੈ, ਜਿਸ ਦੇ ਆਧਾਰ ਉੱਤੇ, ਵਿਆਹ ਪ੍ਰਣਾਲੀ ਨੂੰ ਨਿਯਮਬੱਧ ਕੀਤਾ ਜਾਂਦਾ ਹੈ। ਵਿਆਹ ਆਮ ਤੌਰ ਉੱਤੇ ਆਪਣੀ ਗੋਤ ਤੋਂ ਬਾਹਰ ਅਤੇ ਕਬੀਲੇ ਜਾਂ ਉਪਕਬੀਲੇ ਦੇ ਅੰਦਰ ਕੀਤਾ ਜਾਂਦਾ ਹੈ। ਬਹੁਤੇ ਸੰਬੰਧ ਸਾਕਾਦਾਰੀ ਪ੍ਰਣਾਲੀ ਤੱਕ ਹੀ ਸੀਮਿਤ ਹੁੰਦੇ ਹਨ। ਸੰਬੰਧਾਂ ਦਾ ਘੇਰਾ ਬਹੁਤਾ ਵਿਸ਼ਾਲ ਨਹੀਂ ਹੁੰਦਾ। ਕਬਾਇਲੀ ਆਰਥਿਕਤਾ ਬਹੁਤ ਘੱਟ ਵਿਕਸਿਤ ਹੁੰਦੀ ਹੈ। ਇਹ ਲੋਕ ਸ਼ਿਕਾਰ ਮਾਰ ਕੇ ਜਾਂ ਕੰਦ-ਮੂਲ ਖਾ ਕੇ ਗੁਜ਼ਾਰਾ ਕਰਦੇ ਹਨ। ਇਹ ਪਸ਼ੂ-ਪਾਲਣ ਅਤੇ ਪਸ਼ੂਆਂ ਨੂੰ ਵੱਖ-ਵੱਖ ਸਾਧਨਾਂ ਵਜੋਂ ਵਰਤਣ ਦਾ ਕੰਮ ਕਰਦੇ ਹਨ। ਬਹੁਤੀਆਂ ਹਾਲਤਾਂ ਵਿਚ ਇਹ ਆਰੰਭਿਕ ਕਿਰਸਾਣੀ ਵੀ ਕਰਦੇ ਹਨ, ਜਿਸ ਨੂੰ 'ਰੰਬਾ-ਕਿਰਸਾਣੀ' ਜਾਂ 'ਝੂਮ ਕਿਰਸਾਣੀ' ਵੀ ਆਖਿਆ ਜਾਂਦਾ ਹੈ। ਕਈ ਥਾਂਈਂ ਇਹ 'ਹਲ-ਕਿਰਸਾਣੀ' ਵੀ ਕਰਦੇ ਹਨ। ਇਨ੍ਹਾਂ ਵਿਚ ਕਿਰਤ ਦੀ ਵੰਡ ਬਹੁਤ ਘੱਟ ਹੁੰਦੀ ਹੈ। ਪੈਦਾਵਾਰ, ਮੁੱਖ ਰੂਪ ਵਿਚ, ਸਥਾਨਕ ਖਪਤ ਲਈ ਕੀਤੀ ਜਾਂਦੀ ਹੈ। ਅਜਿਹੀ ਸਮਾਜਿਕ ਪ੍ਰਣਾਲੀ ਵਿੱਚ ਵਰਗ-ਵਖੇਵਿਆਂ ਲਈ ਕੋਈ ਥਾਂ ਨਹੀਂ ਹੁੰਦੀ, ਇਸ ਲਈ ਕਾਰਲ ਮਾਰਕਸ ਇਨ੍ਹਾਂ ਨੂੰ ਪ੍ਰਾਚੀਨ ਸਮਾਜਵਾਦੀ ਸਮਾਜ' ਆਖਦਾ ਹੈ। ਲੋਕ, ਜੋ ਕਮਾਉਂਦੇ ਹਨ, ਰਲ ਕੇ ਖਾ ਲੈਂਦੇ ਹਨ। ਬਹੁਤੀਆਂ ਆਰਥਿਕ ਕਿਰਿਆਵਾਂ ਰਲ ਕੇ ਕੀਤੀਆਂ ਜਾਂਦੀਆਂ ਹਨ, ਜਿਵੇਂ ਸ਼ਿਕਾਰ ਕਰਨਾ, ਕੰਦਮੂਲ ਇਕੱਠਾ ਕਰਨ ਜਾਣਾ, ਬੀਜ ਬੀਜਣਾ, ਗੋਡੀ ਜਾਂ ਵਾਢੀ, ਆਦਿ। ਏਥੇ ਜ਼ਮੀਨ ਕਿਸੇ ਦੀ ਨਿਜੀ ਮਾਲਕੀ ਨਹੀ ਸਮਝੀ ਜਾਂਦੀ। ਲੋਕਾਂ ਵਿਚ ਸਾਂਝ ਦੀ ਭਾਵਨਾ ਬਹੁਤ ਹੁੰਦੀ ਹੈ। ਭਾਵੇਂ ਹਿੰਦੁਸਤਾਨੀ ਸਮਾਜ ਮੁੱਖ ਰੂਪ ਵਿੱਚ ਜਾਤ-ਸਮਾਜ ਹੈ, ਫੇਰ ਵੀ ਅਜੇ 15 ਕੁ ਪ੍ਰਤੀਸ਼ਤ ਲੋਕ ਕਬਾਇਲੀ ਸਮਾਜਕ ਪ੍ਰਬੰਧ ਅਧੀਨ ਰਹਿ ਰਹੇ ਹਨ। ਨਾਗ, ਖਾਸੀ, ਗਾਰੋ, ਭੀਲ, ਗੋਂਡ, ਮੀਜ਼ੋ, ਹਿੰਦੁਸਤਾਨ ਵਿਚ, ਅਤੇ ਸਾਂਹਸੀ, ਬਾਜ਼ੀਗਰ, ਬਾਉਰੀਏ ਤੇ ਗਲੋਲੇ, ਪੰਜਾਬ ਵਿਚ, ਇਨ੍ਹਾਂ ਕਬੀਲਿਆਂ ਦੇ ਕੁੱਝ ਉਦਾਹਰਨ ਹਨ।

**ਹਿੰਦੂ-ਸਮਾਜ, ਜਾਤ ਸਮਾਜ ਹੈ :** ਹਿੰਦੂ ਸਮਾਜ, ਜਾਤ-ਸਮਾਜ ਹੈ ਤੇ ਪੁਰਾਣੇ ਕਬਾਇਲੀ ਸਮਾਜਾਂ ਨੂੰ ਇਕ ਨਵੇਂ ਧਾਰਮਿਕ, ਆਰਥਿਕ ਤੇ ਰਾਜਨੀਤਿਕ ਆਧਾਰਾਂ ਉੱਤੇ ਖੜਾ ਕਰਕੇ ਬਣਾਇਆ ਗਿਆ ਹੈ। ਇਸ ਦਾ ਮੁੱਖ ਆਧਾਰ 'ਪਵਿੱਤਰ' ਤੇ 'ਅਪਵਿੱਤਰ' ਦੇ ਉਹ ਸੰਕਲਪ ਹਨ, ਜੋ ਹਿੰਦੂ ਧਰਮ ਵਿਚ ਵਿਆਪਕ ਹਨ। ਸਮਾਜ ਵਿਚ ਕਿਸੇ ਕਿਰਤ ਜਾਂ ਕਿਰਤੀ ਨੂੰ ਕਿਸੇ ਉੱਚੇ ਜਾਂ ਨੀਵੇਂ ਦਰਜੇ ਉੱਤੇ ਰੱਖਿਆ ਜਾਣਾ ਹੈ, ਇਸ ਦਾ ਨਿਰਨਾ ਇਹੀ ਪਵਿੱਤਰ ਜਾਂ ਅਪਵਿੱਤਰ ਦਾ ਸੰਕਲਪ ਹੀ ਕਰਦਾ ਹੈ। ਕਬਾਇਲੀ ਸਮਾਜਾਂ ਨੂੰ ਵੀ ਇਸੇ ਪਵਿੱਤਰ ਜਾਂ ਅਪਵਿੱਤਰ ਦੇ ਆਧਾਰ ਉੱਤੇ ਉਸਰੇ ਜਾਤ-ਸਮਾਜ ਵਿਚ ਕਿਤੇ ਨਾ ਕਿਤੇ ਥਾਂ ਦੇ ਦਿੱਤੀ ਜਾਂਦੀ ਹੈ। ਆਰਥਿਕ ਤੌਰ ਉੱਤੇ ਇੱਕੋ ਕਿੱਤੇ ਕਰਨ ਵਾਲੇ ਲੋਕ ਇਕੱਠੇ ਹੋ ਜਾਂਦੇ ਹਨ। ਇਹ ਲੋਕ ਇਕ ਦੂਜੇ ਉੱਤੇ ਨਿਰਭਰ ਹੁੰਦੇ ਹਨ। ਰਾਜਨੀਤਿਕ ਤੌਰ ਉੱਤੇ, ਜਾਗੀਰਦਾਰੀ ਰਾਜ-ਪ੍ਰਬੰਧ ਇਨ੍ਹਾਂ ਕਬਾਇਲੀ ਸਮਾਜਾਂ ਦੀ ਪ੍ਰਭੁਸੱਤਾ ਨੂੰ ਹਥਿਆ ਲੈਂਦਾ ਹੈ। ਭਾਵੇਂ ਹਿੰਦੁਸਤਾਨੀ ਸਮਾਜ ਹੁਣ ਵਰਗ-ਸਮਾਜ ਦੀਆਂ ਨੀਹਾਂ ਉੱਤੇ ਚਲਣਾ ਅਰੰਭ ਹੋ ਗਿਆ ਹੈ, ਫੇਰ ਵੀ ਮੁੱਖ ਰੂਪ ਵਿਚ ਅਜੇ ਇਹ ਜਾਤ-ਸਮਾਜ ਹੀ ਹੈ।

ਹਿੰਦੁਸਤਾਨ ਇਕ ਮਹਾਨ ਉਪਦੀਪ ਹੈ, ਜਿਸ ਵਿਚ ਰਹਿਣ ਵਾਲੇ ਸਾਰੇ ਲੋਕਾਂ, ਨੂੰ ਇੱਕੋ ਸਮਾਜਿਕ ਪ੍ਰਬੰਧ ਦੀ ਉਪਜ ਮੰਨਣਾ ਠੀਕ ਨਹੀਂ ਹੋਵੇਗਾ. ਸਮਾਜ-ਵਿਗਿਆਨ ਅਨੁਸਾਰ ਕੇਵਲ ਹਿੰਦੂ ਸਮਾਜ ਹੀ ਜਾਤ-ਸਮਾਜ ਮੰਨਿਆ ਜਾਂਦਾ ਹੈ, ਅਤੇ ਇਸ ਪੱਖੋਂ ਵੀ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਵਿੱਚ ਰਹਿਣ ਵਾਲੇ ਹਿੰਦੂਆਂ ਵਿਚ ਬਹੁਤ ਹੀ ਵੱਡੇ-ਵੱਡੇ ਵਖੇਵੇਂ ਹਨ, ਪਰ ਕਿਉਂਕਿ ਹਿੰਦੂ ਮੱਤ ਦੇ ਪਵਿੱਤਰ ਅਤੇ ਅਪਵਿੱਤਰ ਦਾ ਸੰਕਲਪ, ਸਾਰੇ ਹਿੰਦੂ, ਵੱਧ ਜਾਂ ਘੱਟ ਮਾਤਰਾ ਵਿੱਚ, ਪਰਵਾਨ ਕਰਦੇ ਹਨ, ਇਸ ਲਈ ਹਿੰਦੂ ਸਮਾਜ ਨੂੰ ਜਾਤ-ਸਮਾਜ ਦਾ ਨਾਂ ਦਿੱਤਾ ਹੈ।

**ਗੈਰ ਹਿੰਦੂਆਂ ਵਿਚ ਜਾਤ-ਪ੍ਰਨਾਲੀ** : ਇਸ ਦਾ ਇਹ ਭਾਵ ਨਹੀਂ ਕਿ ਹਿੰਦੁਸਤਾਨ ਵਿਚ ਰਹਿਣ ਵਾਲੇ ਮੁਸਲਿਮ, ਇਸਾਈ ਜਾਂ ਸਿੱਖ ਸਮਾਜ ਜਾਤ-ਪ੍ਰਨਾਲੀ ਦੀ ਪਕੜ ਤੋਂ ਪੂਰਨ ਰੂਪ ਵਿੱਚ ਮੁਕਤ ਹਨ। ਕਿਉਂਕਿ ਇੱਥੇ ਦੇ ਤਕਰੀਬਨ ਸਾਰੇ ਹੋਰ ਸਮਾਜ ਹਿੰਦੂ ਮੱਤ ਵਿੱਚੋਂ ਧਰਮ-ਬਦਲੀ ਨਾਲ ਬਣੇ ਹਨ, ਇਸ ਲਈ ਜਾਤ ਦੇ ਅੰਸ਼ ਇਨ੍ਹਾਂ ਵਿਚ ਵੀ ਮੌਜੂਦ ਹਨ।

**ਸਿੱਖਾਂ ਵਿਚ ਜਾਤ-ਪ੍ਰਨਾਲੀ** : ਕਿੱਤਿਆਂ ਦੇ ਵਿਸ਼ੇਸ਼ੀਕਰਣ ਨੂੰ ਦੇਵੀ ਪਰਵਾਨਗੀ ਦੇਣ ਵਾਲੀ ਜਾਤ-ਪ੍ਰਨਾਲੀ ਹਿੰਦੂ ਸਮਾਜ ਦੀ ਵਿਸ਼ੇਸ਼ ਪਛਾਣ ਹੈ ਜੋ, ਵੱਧ ਜਾਂ ਘੱਟ ਮਾਤਰਾ ਵਿੱਚ, ਹਿੰਦੁਸਤਾਨ ਵਿਚ ਵਿਗਸਣ ਵਾਲੇ ਹੋਰ ਸਾਰੇ ਧਰਮਾਂ ਵਿਚ ਵੀ ਮੌਜੂਦ ਹੈ। ਸਿੱਖ ਵਿਚਾਰਧਾਰਾ ਵਿਚ ਜਾਤ-ਪ੍ਰਨਾਲੀ ਲਈ ਕੋਈ ਥਾਂ ਨਹੀਂ। ਜਿਨ੍ਹਾਂ ਕਦਰਾਂ ਦਾ ਪ੍ਰਚਾਰ ਗੁਰੂ ਸਾਹਿਬਾਨ ਕਰਦੇ ਸਨ ਉਨ੍ਹਾਂ ਵਿਚ ਜਾਤ-ਪ੍ਰਨਾਲੀ ਨੂੰ ਪਰਵਾਨਗੀ ਨਹੀਂ ਮਿਲੀ ਹੋਈ। ਉਨ੍ਹਾਂ ਨੇ ਸੰਗਤ (ਧਾਰਮਿਕ ਇਕੱਠ ਵਿੱਚ ਬਰਾਬਰੀ) ਅਤੇ ਪੰਗਤ (ਇਕੱਠੇ ਬਹਿ ਕੇ ਖਾਣ-ਪੀਣ) ਦੀਆਂ ਸੰਸਥਾਵਾਂ ਚਲਾ ਕੇ ਜਾਤ-ਪ੍ਰਨਾਲੀ ਨੂੰ ਮੁਕਾਉਣ ਦੇ ਜਤਨ ਕੀਤੇ। ਸਿੱਖ ਵਿਦਵਾਨਾਂ ਅਨੁਸਾਰ ਸਿੱਖਾਂ ਵਿਚ ਜਾਤ-ਪ੍ਰਨਾਲੀ ਵਿਆਪਕ ਨਹੀਂ; ਪਰ ਇਸ ਦੀ ਸੀਮਿਤ ਮੌਜੂਦਗੀ ਤੇ ਕੋਈ ਵੀ ਮੁਨਕਰ ਨਹੀਂ। ਅਜੋਕੇ ਸਿੱਖ ਸਮਾਜ ਵਿੱਚ ਜਾਤ-ਪ੍ਰਨਾਲੀ ਦੀ ਵਿਆਪਕਤਾ ਬਾਰੇ ਨਿਮਨ-ਲਿਖਤ ਨਿਰਨੇ ਠੀਕ ਲਗਦੇ ਹਨ :

ੳ) ਸਿੱਖਾਂ ਵਿਚ ਜਾਤੀ ਵਿਆਹ ਦੀ ਪ੍ਰਥਾ ਕਮਜ਼ੋਰ ਵੇਖੀ ਗਈ ਅਤੇ ਅੰਤਰ-ਜਾਤ ਵਿਆਹ ਵੀ ਵੇਖਣ ਵਿਚ ਆਏ

ਅ) ਮਜ਼ਹਬੀ ਅਤੇ ਰਾਮਦਾਸੀਆ ਜਾਤਾਂ ਤੋਂ ਇਲਾਵਾ ਬਾਕੀ ਦੇ ਸਿੱਖਾਂ ਵਿਚ ਖਾਣ-ਪੀਣ ਦੀਆਂ ਤੇ ਸੰਸਕਾਰਕ ਪਾਬੰਦੀਆਂ ਕਮਜ਼ੋਰ ਹਨ।

ੲ) ਸਿੱਖ ਜਾਤਾਂ ਰਵਾਇਤੀ ਕਿੱਤੇ ਵੀ ਕਰਦੀਆਂ ਸਨ, ਪਰ ਇਨ੍ਹਾਂ ਵਿਚ ਇਕ ਕਿੱਤਾ ਛੱਡ ਤੇ ਦੂਜੇ ਕਿੱਤੇ ਵੱਲ ਚਲੇ ਜਾਣ ਦੀ ਰੁਚੀ ਹਿੰਦੂ ਜਾਤਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਮਿਲੀ।

ਸ) ਹਿੰਦੂਆਂ ਵਾਲੀ ਚਾਰ-ਵਰਨੀ ਪ੍ਰਨਾਲੀ ਦੀ ਥਾਂ ਸਿੱਖਾਂ ਦਾ ਹਵਾਲਾ-ਬਿੰਦੂ ਸਮੁੱਚਾ ਸਿੱਖ ਭਾਈਚਾਰਾ ਸੀ।

ਹ) ਸਿੱਖਾਂ ਵਿਚ ਜਾਤ-ਪੰਚਾਇਤਾਂ ਮੌਜੂਦ ਸਨ।

ਕ) ਸਿੱਖਾਂ ਨੇ ਧਰਮ-ਬਦਲੀ ਕੀਤੀ, ਹਿੰਦੂ ਵਰਨ-ਪ੍ਰਬੰਧ ਵਿਚ ਨੀਵੀਂ ਥਾਂ ਤੋਂ ਬਚਣ ਲਈ। ਪਿੱਛੋਂ ਜਾ ਕੇ ਸਿੱਖਾਂ ਵਿਚਲੀਆਂ ਜਾਤਾਂ ਵਿਚ ਉੱਪਰ ਵੱਲੋਂ ਸਮੂਹਿਕ ਗਤੀ ਹੋਈ।

ਸਿੱਖ ਸਮਾਜ ਵਿਚ ਜਾਤ ਪੂਰਨ ਰੂਪ ਵਿਖ ਖਤਮ ਤਾਂ ਨਹੀਂ ਹੋਈ, ਇਸ ਦੀ ਸਿੱਖ ਸਮਾਜ ਉੱਤੇ ਪਕੜ ਹਿੰਦੂ-ਸਮਾਜ ਦੇ ਮੁਕਾਬਲੇ ਵਿਚ ਕਾਫ਼ੀ ਕਮਜ਼ੋਰ ਹੈ।

**ਮੁਸਲਮਾਨਾਂ ਵਿਚ ਜਾਤ-ਪ੍ਰਨਾਲੀ** : ਇਸਲਾਮ ਦਾ ਜਨਮ ਕਬਾਇਲੀ ਸਮਾਜ ਵਿੱਚੋਂ ਹੋਇਆ ਹੈ, ਜਿਸ ਵਿਚ ਕਿੱਤੇ ਦੇ ਆਧਾਰ ਉੱਤੇ ਵੰਡ ਬਹੁਤ ਹੀ ਖੀਣ ਹੁੰਦੀ ਹੈ। ਇਸਲਾਮ ਦਾ ਮੁੱਖ ਅਸੂਲ ਮਨੁੱਖੀ ਬਰਾਬਰੀ ਜਾਂ ਭਾਈਚਾਰਾ ਹੈ। ਇਸਲਾਮ ਦੇ ਬਾਨੀ ਨੇ ਵੱਖ-ਵੱਖ ਕਬੀਲਿਆਂ ਨੂੰ ਮਨੁੱਖੀ ਬਰਾਬਰੀ ਦੇ ਆਧਾਰ ਉੱਤੇ ਸੰਗਠਿਤ ਕੀਤਾ। ਪਰ ਜਦੋਂ ਇਸਲਾਮ ਹਿੰਦੁਸਤਾਨ ਦੀ ਧਰਤੀ ਉੱਤੇ ਪੁੱਜਾ ਅਤੇ ਇਸ ਨੇ ਏਥੇ ਦੇ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਤਾਂ ਇਸਲਾਮ ਵਿੱਚ ਵੀ ਜਾਤ-ਪ੍ਰਨਾਲੀ ਦੀ ਵਿਆਪਕਤਾ ਬਾਰੇ ਕੱਢੇ ਗਏ ਇਹ ਨਤੀਜੇ ਠੀਕ ਹੀ ਲਗਦੇ ਹਨ:

ੳ) ਮੁਸਲਮਾਨਾਂ ਵਿਚ ਜਾਤ ਵਾਲੇ ਅਸੂਲ ਦੀ ਪਰਵਾਨਗੀ ਬੜੀ ਘੱਟ ਹੈ, ਅਤੇ ਮੁਸਲਮਾਨਾਂ ਦੀ ਵੱਡੀ ਰਵਾਇਤ ਵਾਲੀ ਧਾਰਮਿਕ ਵਿਚਾਰਧਾਰਾ ਵਿਚ ਇਸ ਨੂੰ ਮਾਨਤਾ ਪ੍ਰਾਪਤ ਨਹੀਂ ਹੈ।

ਅ) ਹਿੰਦੂਆਂ ਤੇ ਮੁਸਲਮਾਨਾਂ, ਦੋਹਾਂ ਵਿੱਚ, ਜਾਤੀ ਵਿਆਹ ਦੀ ਪ੍ਰਥਾ, ਜਨਮ ਅਤੇ ਵੰਸ਼ ਵਿਚ ਮਾਣ ਅਤੇ ਸਮਾਜਿਕ ਉਚ-ਨੀਚ ਮੌਜੂਦ ਹੈ, ਫੇਰ ਵੀ ਮੁਸਲਮਾਨਾਂ ਵਿਚ ਜਾਤ-ਪ੍ਰਨਾਲੀ ਨੇ ਹਿੰਦੂ ਮਾਡਲ ਵਾਲੇ ਵਿਸਤਾਰ ਪ੍ਰਾਪਤ ਨਹੀਂ ਕੀਤੇ।

ੲ) ਮੁਸਲਮਾਨਾਂ ਵਿਚ ਜਾਤ-ਪ੍ਰਨਾਲੀ ਪਵਿੱਤਰ ਅਤੇ ਅਪਵਿੱਤਰ ਦੀ ਵਿਚਾਰਧਾਰਾ ਉੱਤੇ ਆਧਾਰਿਤ ਨਹੀਂ; ਜਾਤਾਂ ਦੇ ਵਖੇਵੇ ਸਤਿਕਾਰ, ਸਹੂਲਤ ਅਤੇ ਵੰਸ਼ ਉੱਤੇ ਆਧਾਰਿਤ ਹਨ। ਇਸ ਲਈ ਪਦਵੀ ਨਿਸ਼ਚਿਤ ਕਰਨ ਵਿਚ ਦੌਲਤ ਅਤੇ ਹੋਰ ਧਰਮ-ਨਿਰਪੇਖ ਅੰਸ਼ਾਂ ਦਾ ਹੱਥ ਬਹੁਤਾ ਹੁੰਦਾ ਹੈ।

ਸ) ਮੁਸਲਮਾਨਾਂ ਵਿੱਚੋਂ ਬ੍ਰਾਹਮਣੀ ਵਰਗੀ ਸੰਸਕਾਰਕ ਤੌਰ ਉੱਤੇ ਪਵਿੱਤਰ ਜਾਤ ਨਹੀਂ ਹੈ।

ਮੁਸਲਮਾਨਾਂ ਵਿਚ ਜਾਤ-ਪ੍ਰਨਾਲੀ ਦੀ ਵਿਆਪਕਤਾ ਬਾਰੇ ਸੰਖੇਪ ਤੌਰ ਉੱਤੇ ਆਖਿਆ ਜਾ ਸਕਦਾ ਹੈ ਕਿ ਇਥੇ ਕਿੱਤੇ ਦੀ ਵੰਡੀ ਨੂੰ ਦੇਵੀ ਪ੍ਰਵਾਨਗੀ ਨਹੀਂ ਦਿੱਤੀ ਜਾਂਦੀ, ਅਤੇ ਨਾ ਹੀ ਕਿੱਤਿਆਂ ਨੂੰ ਪਵਿੱਤਰ-ਅਪਵਿੱਤਰ ਸਮਝਿਆ ਜਾਂਦਾ ਹੈ। ਵਿਆਹ, ਮੁੱਖ ਰੂਪ ਵਿਚ ਜਾਤ ਵਿੱਚ ਹੀ ਹੁੰਦੇ ਹਨ, ਪਰ ਖਾਣ-ਪੀਣ ਤੇ ਪ੍ਰਾਰਥਨਾ, ਆਦਿ ਵੇਲੇ ਮਨੁੱਖਾਂ ਵਿਚ ਵਿਤਕਰੇ ਨਹੀਂ ਕੀਤੇ ਜਾਂਦੇ, ਦੌਲਤ ਅਤੇ ਨਸਲ ਦੇ ਆਧਾਰ ਉੱਤੇ ਵਖੇਵੇਂ ਮੁਸਲਿਮ ਸਮਾਜ ਵਿਚ ਮੌਜੂਦ ਹਨ ਪਰ ਉਹ ਜਾਤ-ਪ੍ਰਨਾਲੀ ਵਾਲੀ ਜਟਿਲਤਾ ਪ੍ਰਾਪਤ ਨਹੀਂ ਕਰ ਸਕੇ। ਸਮੁੱਚੇ ਤੌਰ ਤੇ ਮੁਸਲਮਾਨਾਂ ਵਿਚ ਜਾਤ-ਪ੍ਰਨਾਲੀ ਬਹੁਤ ਕਮਜ਼ੋਰ ਹੈ।

**ਪਹਿਲਾ ਅਭਿਆਸ**

**ਨੋਟ:** ਹੇਠਾਂ ਦਿੱਤੇ ਸਵਾਲਾਂ ਦੇ ਉੱਤਰ ਖਾਲੀ ਛੱਡੀਆਂ ਥਾਵਾਂ ਉੱਤੇ ਹੀ ਦੇਣੇ ਹਨ। ਜਵਾਬ ਅਖੀਰ ਵਿੱਚ ਦਿੱਤੇ ਹੋਏ

ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਸਮਾਜ ਕੀ ਹੁੰਦਾ ਹੈ

. . . . . . . . . . . . . . . . . . . . . . . . . . . . . . . . . . . . . . . . . . . . . . . . . .

2 ਸਮਾਜਾਂ ਦੀਆਂ ਮੁੱਖ ਕਿਸਮਾਂ ਦੱਸੋ।

. . . . . . . . . . . . . . . . . . . . . . . . . . . . . . . . . . . . . . . . . . . . . . . . . .

3 ਕਬਾਇਲੀ ਸਮਾਜ ਕੀ ਹੁੰਦਾ ਹੈ ?

. . . . . . . . . . . . . . . . . . . . . . . . . . . . . . . . . . . . . . . . . . . . . . . . . .

4 ਕੀ ਹਿੰਦੁਸਤਾਨ ਦੇ ਸਾਰੇ ਸਮਾਜ, ਜਾਤ-ਸਮਾਜ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . .

## 10.4 ਜਾਤ ਦੀ ਪਰਿਭਾਸ਼ਾ ਅਤੇ ਇਸ ਦੇ ਮੁੱਖ ਲੱਛਣ

ਆਮ ਲੋਕ, ਜਾਤ, ਗੋਤ, ਵਰਨ, ਕਬੀਲਾ, ਆਦਿ ਵਿਚ ਫ਼ਰਕ ਨਹੀਂ ਜਾਣਦੇ ਹੁੰਦੇ ਤੇ ਇਨ੍ਹਾਂ ਨੂੰ ਇਕ ਦੂਜੇ ਦੀ ਥਾਂ ਵਰਤ ਲੈਂਦੇ ਹਨ। ਪਰ ਇਹ ਗੱਲ ਸਮਾਜ-ਵਿਗਿਆਨਕ ਨਜ਼ਰੀਏ ਤੋਂ ਠੀਕ ਨਹੀਂ। ਇਸ ਲਈ ਜਾਤ ਦੇ ਸੰਕਲਪ ਨੂੰ ਸਪਸ਼ਟ ਕਰਨਾ ਜ਼ਰੂਰੀ ਲਗਦਾ ਹੈ।

ਕੁਝ ਵਿਦਵਾਨ ਜਾਤ ਨੂੰ ਪਰਿਵਾਰਾਂ ਜਾਂ ਪਰਿਵਾਰ-ਸਮੂਹਾਂ ਦੀ ਅਜਿਹੀ ਸਮੁੱਚਤਾ ਦੱਸਦੇ ਹਨ ਜਿਸ ਦਾ ਇੱਕ ਸਾਂਝਾ ਨਾ ਹੁੰਦਾ ਹੈ; ਜੋ ਆਪਣੇ ਆਪ ਨੂੰ ਇਸ ਸਾਂਝੇ ਮਨੁੱਖੀ, ਦੇਵੀ ਜਾਂ ਪੌਰਾਣਿਕ ਪਿੱਤਰ ਦੇ ਉੱਤਰ-ਅਧਿਕਾਰੀ ਹੋਣ ਦਾ ਦਾਅਵਾ ਕਰਦਾ ਹੈ; ਜੋ ਸਾਂਝੇ ਮਾਰੂਸੀ ਕਿੱਤੇ ਵਿਚ ਲੱਗੇ ਹੁੰਦੇ ਹਨ; ਕਈ ਜਾਤ ਨੂੰ ਅੱਗੇ ਦਿੱਤੇ ਦੋ ਲੱਛਣਾਂ ਵਿਚ ਵੰਡਦੇ ਹਨ :

ੳ) ਇਸ ਦੀ ਮੈਂਬਰੀ ਉਨ੍ਹਾਂ ਤਕ ਸੀਮਿਤ ਹੁੰਦੀ ਹੈ, ਜੋ ਸਮੂਹ ਵਿਚ ਪੈਦਾ ਹੋਏ ਹੁੰਦੇ ਹਨ, ਅਤੇ ਸਮੂਹ ਵਿਚ ਜੰਮੇ ਸਾਰੇ ਮੈਂਬਰ ਇਸ ਵਿਚ ਸ਼ਾਮਲ ਹੁੰਦੇ ਹਨ।

ਅ) ਮੈਂਬਰ ਜਾਤ ਦੇ ਅਣਬਦਲ ਕਾਨੂੰਨ ਅਨੁਸਾਰ, ਜਾਤ ਵਿਚ ਹੀ ਵਿਆਹ ਕਰਵਾ ਸਕਦੇ ਹਨ। ਇਨ੍ਹਾਂ ਤੋਂ ਇਲਾਵਾ ਹਰ ਜਾਤ-ਸਮੂਹ ਦਾ ਆਪਣਾ ਨਾ ਹੁੰਦਾ ਹੈ, ਅਤੇ ਇਹ ਸਮੂਹ ਅੱਗੇ ਵੱਖਰੇ-ਵੱਖਰੇ ਨਾਵਾਂ ਵਾਲੇ ਸਮੂਹਾਂ ਵਿੱਚ ਵੰਡੇ ਹੋਏ ਹੁੰਦੇ ਹਨ, ਜਿਨ੍ਹਾਂ ਨੂੰ ਉਪਜਾਤ ਜਾਂ ਗੋਤ ਆਖਦੇ ਹਨ। ਐਨ. ਕੇ. ਦੱਤ ਅਨੁਸਾਰ ਇਕ ਜਾਤ ਦੇ ਮੈਂਬਰ ਜਾਤੋਂ ਬਾਹਰ ਵਿਆਹ ਨਹੀਂ ਕਰਵਾ ਸਕਦੇ; ਵੱਖ-ਵੱਖ ਜਾਤਾਂ ਦੇ ਮੈਂਬਰ ਇਕ ਦੂਜੇ ਨਾਲ ਖਾਣ-ਪੀਣ ਤੋਂ ਪਰਹੇਜ਼ ਕਰਦੇ ਹਨ; ਹਰ ਜਾਤ ਦਾ ਆਪਣਾ ਕਿੱਤਾ ਹੁੰਦਾ ਹੈ; ਜਾਤਾਂ ਵਿਚ ਇਕ ਬੱਝੇ ਹੋਏ ਕ੍ਰਮ ਅਨੁਸਾਰ ਦਰਜਿਆਂ ਦਾ ਗਠਨ ਹੋਇਆ ਹੁੰਦਾ ਹੈ, ਇਨ੍ਹਾਂ ਵਿਚ ਬ੍ਰਾਹਮਣ ਦੀ ਪਦਵੀ ਸਭ ਤੋਂ ਉੱਚੀ ਮੰਨੀ ਜਾਂਦੀ ਹੈ।

**ਜਾਤ-ਪ੍ਰਨਾਲੀ ਦੇ ਮੁੱਖ ਲੱਛਣ** : ਜਾਤ ਦੀਆਂ ਉਪਰੋਕਤ ਪਰਿਭਾਸ਼ਾਵਾਂ ਅਤੇ ਇਸ ਸੰਬੰਧ ਵਿਚ ਪ੍ਰਾਪਤ ਹੋਰ ਸਮੱਗਰੀ ਤੋਂ ਜਾਤ-ਪ੍ਰਨਾਲੀ ਦੇ ਮੁੱਖ ਲੱਛਣਾਂ ਦਾ ਪਤਾ ਲਾਇਆ ਜਾ ਸਕਦਾ ਹੈ। ਸੰਖੇਪ ਵਿਚ ਏਥੇ ਅੱਗੇ-ਦਿੱਤੇ ਲੱਛਣਾਂ ਦਾ ਵਰਣਨ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

**ਸਮਾਜ ਦੀ ਵੰਡ** : ਹਿੰਦੂ ਸਮਾਜ ਚਾਰ ਵਰਨਾਂ—ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਵਿਚ ਵੰਡਿਆ ਹੋਇਆ ਹੈ। ਕਬਾਇਲੀ ਸਮਾਜ ਜਾਤ-ਸਮਾਜ ਦੇ ਘੇਰੇ ਤੋਂ ਬਾਹਰ ਰਹਿ ਜਾਂਦਾ ਹੈ। ਇਹ ਵਰਨ ਅੱਗੇ ਕਈ ਜਾਤਾਂ ਵਿਚ ਵੰਡੇ ਹੋਏ ਹਨ, ਜਿਨ੍ਹਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਵੀ ਵਧੇਰੇ ਹੈ। ਜਾਤਾਂ ਅੱਗੇ ਕਈ ਉਪਜਾਤਾਂ ਵਿੱਚ, ਅਤੇ ਉਪਜਾਤਾਂ ਅੱਗੋਂ ਕਈ ਗੋਤਾਂ ਵਿਚ ਵੰਡੀਆਂ ਹੋਈਆਂ ਹਨ। ਗੋਤਾਂ ਅੱਗੇ ਕੁਲਾਂ ਅਤੇ ਘਰਾਂ ਵਿਚ ਵੰਡੀਆਂ ਹੋਈਆਂ ਹਨ।

**ਸਮਾਜ ਵਿੱਚ ਸਥਾਨ ਦਾ ਨਿਸ਼ਚਿਤ ਹੋਣਾ** : ਹਿੰਦੂ ਵਿਚਾਰਧਾਰਾ ਤੇ ਕਦਰਾਂ-ਕੀਮਤਾਂ ਦੀ ਕਸਵੱਟੀ, ਪਵਿੱਤਰ-ਅਪਵਿੱਤਰ ਦਾ ਸੰਕਲਪ ਹੈ, ਜਿਸ ਅਨੁਸਾਰ ਚੀਜ਼ਾਂ, ਜੀਵਾਂ, ਕਿਰਿਆਵਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਮਨੁੱਖਾਂ ਦਾ ਸਥਾਨ ਨਿਸ਼ਚਿਤ ਕੀਤਾ ਜਾਂਦਾ ਹੈ। ਪੂਜਾ-ਪਾਠ ਅਤੇ ਪੜ੍ਹਾਈ-ਲਿਖਾਈ ਨਾਲ ਸੰਬੰਧਿਤ ਮਨੁੱਖਾਂ, ਬ੍ਰਾਹਮਣਾਂ, ਦੀ ਪਦਵੀ ਸਭ ਤੋਂ ਉੱਚੀ ਹੁੰਦੀ ਹੈ। ਲੜਾਈ ਤੇ ਰਾਜ-ਪ੍ਰਬੰਧ ਨਾਲ ਸੰਬੰਧਿਤ ਲੋਕਾਂ, ਖੱਤਰੀਆਂ ਦੀ ਉਨ੍ਹਾਂ ਤੋਂ ਹੇਠਾਂ, ਉਪਜ ਤੇ ਵਟਾਂਦਰੇ ਨਾਲ ਸੰਬੰਧਿਤ ਲੋਕਾਂ, ਵੈਸ਼ਾਂ ਦੀ ਉਨ੍ਹਾਂ ਤੋਂ ਹੇਠਾਂ ਅਤੇ ਸੇਵਾ ਸਫ਼ਾਈ ਕਰਨ ਵਾਲਿਆਂ ਦੀ ਸਭ ਤੋਂ ਥੱਲੇ। ਭਾਰਤੀ ਜਾਤ-ਸਮਾਜ ਵਿਚ ਕਿਸੇ ਦਾ ਸਥਾਨ ਨਿਸ਼ਚਿਤ ਕਰਨ ਦਾ ਇਹੀ ਪ੍ਰਬੰਧ ਹੈ।

**ਪ੍ਰਭਾਵਿਕ ਜਾਤ** : ਹਿੰਦੂ ਵਿਚਾਰਧਾਰਾ ਅਨੁਸਾਰ ਭਾਵੇਂ ਬ੍ਰਾਹਮਣ ਦੀ ਥਾਂ ਹਿੰਦੂ ਸਮਾਜ ਵਿਚ ਸਭ ਤੋਂ ਉੱਚੀ ਹੈ, ਫੇਰ ਵੀ ਵੇਖਣ ਵਿਚ ਇਹ ਆਇਆ ਹੈ ਕਿ ਵਾਸਤਵਿਕ ਹਿੰਦੂ ਸਮਾਜ ਉੱਤੇ ਇਹ ਅਸੂਲ ਇੰਨ-ਬਿੰਨ ਲਾਗੂ ਨਹੀਂ ਹੁੰਦੇ। ਹਾਲਤ ਨੂੰ ਬਿਆਨ ਕਰਨ ਲਈ, ਸਮਾਜ ਵਿਗਿਆਨੀ ਪ੍ਰਭਾਵਿਕ ਜਾਤ ਦੇ ਸੰਕਲਪ ਦੀ ਵਰਤੋਂ ਕਰਦੇ ਹਨ। ਅਸਲ ਵਿਚ ਵੱਖ-ਵੱਖ ਇਲਾਕਿਆਂ ਵਿੱਚ ਕੁੱਝ ਗੈਰ-ਬ੍ਰਾਹਮਣ ਜਾਤਾਂ ਗਿਣਤੀ ਜਾਂ ਰਾਜਨੀਤਿਕ ਤੇ ਆਰਥਿਕ ਤਾਕਤ ਦੇ ਕਾਰਨ ਉੱਚੀਆਂ ਸਮਝੀਆਂ ਜਾਂਦੀਆਂ ਹਨ, ਜਿਵੇਂ ਪੰਜਾਬ ਵਿੱਚ ਜੱਟ; ਰਾਜਸਥਾਨ ਵਿਚ ਰਾਜਪੂਤ, ਉੱਤਰ ਪ੍ਰਦੇਸ਼

ਵਿਚ ਠਾਕੁਰ ਆਦਿ। ਇਹੋ ਜਿਹੀਆਂ ਜਾਤਾਂ ਨੂੰ ਜਿਨ੍ਹਾਂ ਦਾ ਦਰਜਾ ਅਮਲੀ ਤੌਰ ਉੱਤੇ ਉੱਚਾ ਹੁੰਦਾ ਹੈ, 'ਪ੍ਰਭਾਵਿਕ ਜਾਤਾਂ' ਆਖਿਆ ਜਾਂਦਾ ਹੈ।

**ਜਾਤ-ਵਿਤਕਰੇ** : ਵੱਖ-ਵੱਖ ਜਾਤਾਂ ਵਿਚਕਾਰ ਹੱਦਾਂ-ਬੰਨੇ ਬਣੇ ਹੋਏ ਹਨ, ਜਿਨ੍ਹਾਂ ਨੂੰ ਤੋੜਨਾ ਕਾਫੀ ਔਖਾ ਹੁੰਦਾ ਹੈ। ਅਖਾਉਤੀ ਉੱਚੀਆਂ ਜਾਤਾਂ ਦੇ ਲੋਕ ਅਖਾਉਤੀ ਨੀਵੀਆਂ ਜਾਤਾਂ ਦੇ ਲੋਕਾਂ ਪਾਸੋਂ ਪਾਣੀ ਵੀ ਨਹੀਂ ਪੀਂਦੇ। ਕਈ ਵਾਰ ਉਹ ਇਨ੍ਹਾਂ ਦੀ ਛੋਹ ਤੋਂ ਵੀ ਪਰਹੇਜ਼ ਕਰਦੇ ਹਨ। ਅਖਾਉਤੀ ਹੇਠਲੀਆਂ ਜਾਤਾਂ ਦੇ ਮਕਾਨ ਵੀ ਅਕਸਰ ਵੱਖਰੀ ਥਾਂ ਉੱਤੇ ਬਣੇ ਹੁੰਦੇ ਹਨ ਅਤੇ ਇਨ੍ਹਾਂ ਦੀਆਂ ਬਸਤੀਆਂ ਨੂੰ ਪੰਜਾਬ ਵਿਚ ਠੱਠੀਆਂ ਜਾਂ ਮਾਜਰੀਆਂ ਆਖਿਆ ਜਾਂਦਾ ਹੈ। ਇਹ ਲੋਕ ਉੱਚੀਆਂ ਜਾਤਾਂ ਦੇ ਖੂਹਾਂ ਤੋਂ ਪਾਣੀ ਵੀ ਨਹੀਂ ਭਰ ਸਕਦੇ। ਜੇ ਪਿੰਡ ਕਿਸੇ ਨਦੀ-ਨਾਲੇ ਦੇ ਕੰਢੇ ਵੱਸਿਆ ਹੋਵੇ, ਤਾਂ ਨੀਵੀਆਂ ਜਾਤਾਂ ਦੇ ਲੋਕ ਵਹਿਣ ਵਾਲੇ ਪਾਸਿਉਂ ਪਾਣੀ ਭਰਦੇ ਹਨ। ਕਈ ਥਾਈਂ ਇਨ੍ਹਾਂ ਦੇ ਪਰਛਾਵੇਂ ਤੋਂ ਵੀ ਬਚਣ ਦੇ ਜਤਨ ਕੀਤੇ ਜਾਂਦੇ ਹਨ। ਕਈ ਥਾਈਂ ਜੁੱਤੀ ਨਹੀਂ ਪਾ ਸਕਦੇ। ਸਵਾਰੀ ਨਹੀਂ ਕਰ ਸਕਦੇ, ਸੋਨੇ ਜਾਂ ਚਾਂਦੀ ਦੇ ਗਹਿਣੇ ਨਹੀਂ ਪਾ ਸਕਦੇ ਅਤੇ ਕਿਤੇ ਕਿਤੇ ਗਲ ਵਿਚ ਕਪੜੇ ਵੀ ਨਹੀਂ ਪਾ ਸਕਦੇ। ਇਹ ਉੱਚੀਆਂ ਜਾਤਾਂ ਦੇ ਮੰਦਰਾਂ ਵਿੱਚ ਵੀ ਨਹੀਂ ਜਾ ਸਕਦੇ।

**ਦਰਜੇ ਦੀ ਪਛਾਣ** : ਜਾਤ ਦਾ ਦਰਜਾ ਕਈ ਵਾਰ ਉਸ ਵਿੱਥ ਤੋਂ ਪਛਾਣਿਆ ਜਾਂਦਾ ਹੈ, ਜਿਸ ਦਾ ਪ੍ਰਗਟਾਵਾ ਬ੍ਰਾਹਮਣ, ਖਾਣ-ਪੀਣ ਲਗਿਆਂ, ਹੋਰ ਜਾਤਾਂ ਦੇ ਮੈਂਬਰਾਂ ਨਾਲ ਕਰਦੇ ਹਨ। ਜਿਨ੍ਹਾਂ ਜਾਤਾਂ ਤੋਂ ਬ੍ਰਾਹਮਣ ਕੱਚਾ ਖਾਣਾ, (ਪਾਣੀ ਵਿਚ ਪਕਾਇਆ ਹੋਇਆ) ਖਾ ਲਵੇ, ਉਹ ਉਸ ਦੇ ਕਾਫੀ ਨੇੜੇ ਸਮਝੇ ਜਾਂਦੇ ਹਨ; ਜਿਨ੍ਹਾਂ ਤੋਂ ਉਹ ਪਾਣੀ ਪੀ ਲਵੇ, ਉਹ ਉਨ੍ਹਾਂ ਤੋਂ ਵੀ ਨੇੜੇ ਮੰਨੇ ਜਾਂਦੇ ਹਨ, ਪਰ ਜਿਨ੍ਹਾਂ ਪਾਸੋਂ ਕੇਵਲ ਪੱਕਾ (ਤਲਿਆ ਹੋਇਆ) ਖਾਣਾ ਖਾਵੇ, ਉਹ ਉਪਰ ਵਾਲੀਆਂ ਜਾਤਾਂ ਤੋਂ ਨੀਵੀਆਂ ਮੰਨੀਆਂ ਜਾਂਦੀਆਂ ਹਨ। ਇਸ ਤੋਂ ਵੀ ਨੀਵੀਆਂ ਉਹ ਜਾਤਾਂ ਸਮਝੀਆਂ ਜਾਂਦੀਆਂ ਹਨ ਜਿਨ੍ਹਾਂ ਤੋਂ ਉਹ ਕੇਵਲ ਸੁੱਕੀ ਰਸਤ ਹੀ ਪਰਵਾਨ ਕਰਦਾ ਹੈ।

**ਜਾਤ ਦਾ ਨਾਂ** : ਹਰ ਜਾਤ ਦਾ ਇਕ ਸਾਂਝਾ ਨਾਂ ਹੁੰਦਾ ਹੈ। ਇਸ ਸਾਂਝੇ ਨਾਂ ਵਾਲੇ ਸੰਬੰਧ ਵਿਚ ਸਾਰੇ ਮੈਂਬਰ ਬੱਧੇ ਹੁੰਦੇ ਹਨ। ਇਹ ਨਾਂ ਬਹੁਤੀ ਵਾਹ ਕਿੱਤੇ ਕਰਕੇ ਨਿਸ਼ਚਿਤ ਹੁੰਦੇ ਹਨ, ਜਿਵੇਂ ਨਾਈ, ਤੇਲੀ, ਛੀਂਬਾ, ਦਰਜੀ, ਧੋਬੀ, ਘੁਮਿਆਰ, ਤਰਖਾਣ, ਲੁਹਾਰ, ਸੁਨਿਆਰਾ। ਇਹ ਸਭ ਕਿੱਤਈ ਨਾਂ ਹਨ। ਕਈ ਵਾਰ ਇਹ ਨਾਂ ਕਿਸੇ ਧਾਰਮਿਕ ਪਰੰਪਰਾ ਨਾਲ ਸੰਬੰਧਿਤ ਹੁੰਦੇ ਹਨ, ਜਿਵੇਂ ਬੈਰਾਗੀ, ਜੋਗੀ, ਲਾਲਬੇਗੀ, ਬਾਲਮੀਕੀ, ਰਾਮਦਾਸੀਏ, ਆਦਿ। ਕਦੀ ਕਦੀ ਇਹ ਨਾਂ ਨਸਲੀ ਸਮੂਹ ਵੱਲ ਵੀ ਸੰਕੇਤ ਕਰਦੇ ਹਨ, ਜਿਵੇਂ ਜੱਟ, ਕੰਬੋ, ਸੈਣੀ ਆਦਿ।

**ਸਾਂਝਾ ਨਿਕਾਸ** : ਸਾਂਝੇ ਨਿਕਾਸ ਵਿਚ ਹਰ ਜਾਤ ਦਾ ਵਿਸ਼ਵਾਸ ਹੁੰਦਾ ਹੈ, ਜੋ ਨਸਲੀ ਜਾਤਾਂ ਨੂੰ ਛੱਡ ਕੇ ਬਾਕੀਆਂ ਬਾਰੇ ਸ਼ਾਇਦ ਠੀਕ ਨਹੀਂ, ਕਿਉਂਕਿ ਬਹੁਤੀਆਂ ਜਾਤਾਂ ਕਿਰਤ ਦੀ ਵੰਡ ਕਾਰਨ ਕਬੀਲਿਆਂ ਦੇ ਖਿੱਲਰਨ ਨਾਲ ਬਣੀਆਂ ਹਨ। ਅਜਿਹੀਆਂ ਹਾਲਤਾਂ ਵਿਚ ਜਾਤਾਂ ਆਪਣੀ ਸਾਂਝ ਕਿਸੇ ਪੌਰਾਣਿਕ ਵਿਅਕਤੀ ਜਾਂ ਜਾਤ ਵਿੱਚੋਂ ਪੈਦਾ ਹੋਏ ਮਹਾਪੁਰਸ਼ ਨਾਲ ਜੋੜਦੀਆਂ ਹਨ, ਜਿਵੇਂ ਬਾਲਮੀਕੀ, ਬਾਲਮੀਕ ਨਾਲ, ਲਾਲਰਬੇਗੀ, ਲਾਲਬੇਗ ਨਾਲ ਤੇ ਰਵਿਦਾਸੀਏ, ਭਗਤ ਰਵਿਦਾਸ ਨਾਲ।

**ਸਜਾਤੀ ਵਿਆਹ-ਪ੍ਰਥਾ** : ਜਾਤ ਦੀ ਇਕ ਬਹੁਤ ਹੀ ਮਹੱਤਵਪੂਰਨ ਪਛਾਣ ਇਹ ਹੈ ਕਿ ਜਾਤ ਦੇ ਮੈਂਬਰ ਆਪਣੀ ਜਾਤ ਤੋਂ ਬਾਹਰ ਵਿਆਹ ਨਹੀਂ ਕਰਵਾ ਸਕਦੇ। ਜਦੋਂ ਜਾਤ ਦੀ ਗਿਣਤੀ ਬਹੁਤ ਵੱਡੀ ਹੋ ਜਾਂਦੀ ਹੈ ਤਾਂ ਇਹ ਕਈ ਉਪਜਾਤਾਂ ਵਿਚ ਵੰਡੀ ਜਾਂਦੀ ਹੈ। ਉਦਾਹਰਣ ਵਜੋਂ ਪੰਜਾਬ ਦੇ ਅਰੋੜੇ ਦੋ ਉਪਜਾਤਾਂ ਵਿੱਚ ਵੰਡੇ ਹੋਏ ਹਨ : 'ਉੱਤਰਾਰਥੀ' ਜੋ ਪੰਜਾਬ ਦੇ ਉੱਤਰੀ ਭਾਗ ਵਿੱਚ ਰਹਿੰਦੇ ਸਨ ਅਤੇ 'ਦੱਖਣਾਰਥੀ', ਜੋ ਦੱਖਣੀ ਪੰਜਾਬ ਵਿੱਚ ਰਹਿੰਦੇ ਸਨ। ਏਸੇ ਤਰ੍ਹਾਂ ਪੰਜਾਬ ਦੇ ਕੰਬੋ, 'ਬਾਵਨ (ਬਵੰਜਾ) ਗੋਤੀਆਂ ਤੇ 'ਚੁਰਾਸੀਆਂ' (ਚੁਰਾਸੀ ਗੋਤਾ ਵਾਲਿਆਂ) ਵਿਚ ਵੰਡੇ ਹੋਏ ਹਨ। ਇਹ ਉਪਜਾਤਾਂ, ਵਿਆਹ ਦੇ ਮਾਮਲੇ ਵਿੱਚ, ਆਮ ਤੌਰ ਉੱਤੇ ਜਾਤ ਦਾ ਰੂਪ ਧਾਰ ਲੈਂਦੀਆਂ ਹਨ, ਜਿਸ ਕਰਕੇ ਵਿਆਹ, ਆਮ ਤੌਰ ਉੱਤੇ, ਉਸੇ ਉਪਜਾਤ ਵਿਚ ਹੀ ਹੁੰਦੇ ਹਨ। ਜੇ ਕੋਈ ਵਿਅਕਤੀ ਜਾਤ ਤੋਂ ਬਾਹਰ ਵਿਆਹ ਕਰਵਾ ਲਵੇ ਤਾਂ ਉਸ ਨੂੰ ਜਾਤ-ਨਿਕਾਲਾ ਦੇ ਦਿੱਤਾ ਜਾਂਦਾ ਹੈ।

**ਗੋਤ ਤੋਂ ਬਾਹਰ ਦੀ ਵਿਆਹ-ਪ੍ਰਥਾ** : ਹਰ ਜਾਤ ਜਾਂ ਉਪਜਾਤ ਅੱਗੇ ਗੋਤਾਂ ਵਿਚ ਵੰਡੀ ਹੁੰਦੀ ਹੈ। ਹਰ ਗੋਤ ਦਾ ਇਕ ਨਾਮ ਅਤੇ ਸਾਂਝਾ ਪਿੱਤਰ ਹੁੰਦਾ ਹੈ, ਜੱਟਾਂ ਵਿਚ ਗਿੱਲ, ਸੰਧੂ, ਗਰੇਵਾਲ ਅਤੇ ਕੰਬੋਆਂ ਵਿਚ ਥਿੰਘ, ਸੰਧੇ ਆਦਿ ਗੋਤਾਂ ਦੇ ਨਾਮ ਹਨ। ਇਕ ਗੋਤ ਵਿਚ ਜੰਮੇ ਮੈਂਬਰਾਂ ਨੂੰ ਭੈਣ-ਭਰਾ, ਪਿਓ-ਧੀ ਜਾਂ ਮਾਂ-ਪੁੱਤ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਉਨ੍ਹਾਂ ਵਿਚ ਵਿਆਹ ਨਹੀਂ ਹੋ ਸਕਦੇ। ਕਿਸੇ ਵੀ ਜਾਤ ਵਿਚ ਇੱਕੋ ਗੋਤ ਵਾਲੇ ਵਿਆਹ ਨਹੀਂ ਕਰ ਸਕਦੇ। ਇਕ ਗੋਤ ਦੇ ਮੈਂਬਰ ਨੂੰ ਆਪਣੀ ਗੋਤ ਤੋਂ ਬਾਹਰ ਅਤੇ ਆਪਣੀ ਜਾਤ ਜਾਂ ਉਪਜਾਤ ਦੇ ਅੰਦਰ ਵਿਆਹ ਕਰਵਾਉਣਾ ਪੈਂਦਾ ਹੈ। ਵਿਆਹ ਲਈ ਮੁੰਡੇ ਕੁੜੀ ਦੀ ਚੋਣ ਕਰਦਿਆਂ ਇਕ ਗੋਤ ਹਰ ਕੋਈ ਛੱਡਦਾ ਹੈ, ਪਰ ਕਈ ਲੋਕ ਚਾਰ ਗੋਤਾਂ (ਮਾਂ, ਪਿਓ, ਨਾਨੀ ਅਤੇ ਦਾਦੀ) ਵਿਚ ਵੀ ਵਿਆਹ ਨਹੀਂ ਕਰਵਾਉਂਦੇ, ਅਤੇ ਕੁੱਝ ਜਾਤਾਂ ਵਿਚ ਸੱਤ ਗੋਤਾਂ ਛੱਡ ਕੇ ਵਿਆਹ ਕਰਵਾਉਣ ਦਾ ਰਿਵਾਜ ਹੈ।

**ਕਿੱਤਾ** : ਭਾਵੇਂ ਕਈ ਜਾਤਾਂ ਕਬਾਇਲੀ, ਨਸਲੀ ਜਾਂ ਧਾਰਮਿਕ ਆਧਾਰ ਉਤੇ ਬਣੀਆਂ ਹੁੰਦੀਆ ਹਨ, ਫੇਰ ਵੀ ਬਹੁਤੀਆਂ ਜਾਤਾਂ ਕਿਸੇ ਸਾਂਝੇ ਕਿੱਤੇ ਨਾਲ ਸੰਬੰਧਿਤ ਹੁੰਦੀਆਂ ਹਨ। ਅਸੀਂ ਇਨ੍ਹਾਂ ਦੇ ਉਦਾਹਰਨ ਉੱਪਰ ਦੇ ਆਏ ਹਾਂ। ਆਮ ਤੌਰ ਉੱਤੇ ਗੈਰ-ਕਿਤੱਈ ਜਾਤਾਂ ਨੂੰ ਵੀ ਕਿੱਤੇ ਨਾਲ ਜੋੜ ਦਿੱਤਾ ਜਾਂਦਾ ਹੈ। ਉਦਾਹਰਨ ਵਜੋਂ ਜੱਟ ਭਾਵੇਂ ਨਸਲੀ ਸਮੂਹ ਹੈ, ਪਰ ਆਮ ਤੌਰ ਉੱਤੇ, ਇਸ ਜਾਤ ਨੂੰ ਖੇਤੀ ਨਾਲ ਹੀ ਜੋੜਿਆ ਜਾਂਦਾ ਹੈ। ਏਸੇ ਤਰ੍ਹਾਂ ਖੱਤਰੀਆਂ, ਅਰੋੜਿਆਂ ਅਤੇ ਬਾਣੀਆਂ ਨੂੰ ਵਪਾਰੀ ਜਾਤਾਂ ਸਮਝਿਆ ਜਾਂਦਾ ਹੈ, ਅਤੇ ਬ੍ਰਾਹਮਣ ਵਰਨ ਦੀਆਂ ਜਾਤਾਂ ਵੀ ਵੱਖ-ਵੱਖ ਕਿਸਮ ਦੇ ਕਿੱਤਿਆਂ ਨਾਲ ਜੁੜੀਆਂ ਹੋਈਆ ਹਨ।

**ਕਿੱਤਾ ਬਦਲਣ ਦੀ ਮਨਾਹੀ** : ਇਹ ਕਿੱਤਈ ਸਮੂਹ ਤਾਂ ਹਰ ਤਰ੍ਹਾਂ ਦੇ ਸਮਾਜ ਵਿਚ ਹੁੰਦੇ ਹਨ, ਪਰ ਜਾਤ-

ਆਧਾਰਿਤ ਕਿਤਈ ਵੰਡ ਦਾ ਜ਼ਰੂਰੀ ਲੱਛਣ ਇਹ ਹੁੰਦਾ ਹੈ ਕਿ ਏਥੇ ਕਿੱਤਾ ਬਦਲਿਆ ਨਹੀਂ ਜਾ ਸਕਦਾ। ਕਿੱਤਾ ਵਿਅਕਤੀ ਨੂੰ ਵਿਰਾਸਤ ਵਿਚ ਮਿਲਦਾ ਹੈ। ਕਿੱਤੇ ਦੀ ਸਿਖਲਾਈ ਵੀ ਉਸ ਨੂੰ ਘਰ ਵਿੱਚੋਂ ਹੀ ਮਿਲਦੀ ਹੈ।

**ਜਾਤ ਦੀ ਮੈਂਬਰੀ** : ਜਾਤ-ਸਮਾਜ ਦਾ ਵਿਅਕਤੀ, ਆਮ ਤੌਰ ਉੱਤੇ, ਜਾਤ ਵਿਚ ਜੰਮਦਾ ਹੈ, ਜਾਤ ਵਿੱਚ ਜੀਉਂਦਾ ਹੈ ਅਤੇ ਜਾਤ-ਮੈਂਬਰ ਵਜੋਂ ਹੀ ਮਰ ਜਾਂਦਾ ਹੈ। ਜਾਤ ਦੀ ਮੈਂਬਰੀ ਜਨਮ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਇਸ ਨੂੰ ਪ੍ਰਾਪਤ ਕਰਨ ਦਾ ਹੋਰ ਕੋਈ ਤਰੀਕਾ ਨਹੀ। ਸ਼ੂਦਰ ਜਾਂ ਵੈਸ਼ ਆਪਣੇ ਕਰਮਾਂ (ਕੰਮਾਂ/ਕਿਸਮਤ) ਨੂੰ ਬਦਲ ਕੇ ਬ੍ਰਾਹਮਣ ਨਹੀਂ ਬਣ ਸਕਦਾ। ਹਿੰਦੂ ਧਰਮ ਦੇ ਵਿਸ਼ਵਾਸ ਅਨੁਸਾਰ ਇਸ ਜੀਵਨ ਵਿਚ ਜਾਤ-ਧਰਮ ਨੂੰ ਨਿਭਾ ਕੇ ਅਗਲੇ ਜਨਮ ਵਿਚ ਹੀ ਜਾਣ ਦੀ ਬਦਲੀ ਕੀਤੀ ਜਾ ਸਕਦੀ ਹੈ। ਏਸੇ ਕਾਰਨ ਸਮਾਜ-ਵਿਗਿਆਨੀ, ਜਾਤ-ਸਮਾਜ ਨੂੰ 'ਬੰਦ ਸਮਾਜਿਕ ਪ੍ਰਨਾਲੀ' ਆਖਦੇ ਹਨ। ਜਾਤ-ਪਰਿਵਰਤਨ ਦਾ ਇੱਕੋ ਇਕ ਤਰੀਕਾ ਹੁੰਦਾ ਹੈ, ਜਾਤ-ਨਿਕਾਲਾ। ਜੇ ਕੋਈ ਵਿਅਕਤੀ ਜਾਤ-ਧਰਮ ਦੀ ਉਲੰਘਣਾ ਕਰਦਾ ਹੈ, ਤਾਂ ਉਸ ਨੂੰ ਜਾਤ ਵਿੱਚੋਂ ਕੱਢਿਆ ਜਾ ਸਕਦਾ ਹੈ। ਜਾਤ ਵਿੱਚੋਂ ਕੱਢਿਆ ਬੰਦਾ ਉੱਚੀ ਜਾਤ ਵਿਚ ਤਾਂ ਜਾ ਨਹੀਂ ਸਕਦਾ ਤੇ ਆਪਣੀ ਜਾਤ ਗਵਾ ਚੁੱਕਾ ਹੁੰਦਾ ਹੈ, ਸੋ ਅਕਸਰ ਕਿਸੇ ਨੀਵੀਂ ਜਾਤ ਦੀ ਮੈਂਬਰੀ ਧਾਰਨ ਉੱਤੇ ਮਜ਼ਬੂਰ ਹੁੰਦਾ ਹੈ।

**ਜਾਤ-ਪੰਚਾਇਤ** : ਸਰਕਾਰਾਂ ਦੀਆਂ ਬਾਹਵਾਂ, ਪਹਿਲਾਂ, ਹੁਣ ਜਿੱਡੀਆਂ ਲੰਮੀਆਂ ਨਹੀਂ ਸਨ ਹੁੰਦੀਆਂ। ਸਮਾਜਿਕ ਪ੍ਰਬੰਧ ਦਾ ਕੰਮ, ਆਮ ਤੌਰ ਉਤੇ, ਪੰਚਾਇਤਾਂ ਕਰਦੀਆਂ ਸਨ। ਇਨ੍ਹਾਂ ਪੰਚਾਇਤਾਂ ਦੀਆਂ ਕਈ ਕਿਸਮਾਂ ਹੁੰਦੀਆਂ ਸਨ ਅਤੇ ਉਹ ਕਈ ਪੱਧਰਾਂ ਉੱਤੇ ਕੰਮ ਕਰਦੀਆਂ ਸਨ। ਜੇ ਕਿਸੇ (ਪਿੰਡ ਵਿੱਚ) ਰਹਿ ਰਹੇ ਇਕ ਜਾਤ ਦੇ ਮੈਂਬਰਾਂ ਵਿਚ ਕਿਸੇ ਗੱਲੋਂ ਝਗੜਾ ਹੋ ਜਾਵੇ, ਤਾਂ ਆਮ ਤੌਰ ਉੱਤੇ ਉਸੇ ਥਾਂ ਦੇ ਰਹਿਣ ਵਾਲੇ ਉਸੇ ਜਾਤ ਦੇ ਸਿਆਣੇ ਲੋਕ ਇਕੱਠੇ ਹੋ ਕੇ ਉਸ ਝਗੜੇ ਦਾ ਨਿਬੇੜਾ ਕਰਾ ਦਿੰਦੇ ਹਨ। ਜੇ ਝਗੜਾ ਇਕ ਜਾਤ ਦੇ ਵੱਖ-ਵੱਖ ਪਿੰਡਾਂ (ਥਾਵਾਂ) ਵਿਚ ਰਹਿਣ ਵਾਲੇ ਲੋਕਾਂ ਵਿਚਕਾਰ ਹੋਵੇ, (ਜਿਵੇਂ ਕਿ ਵਿਆਹਾਂ ਸੰਬੰਧੀ ਝਗੜਿਆਂ ਦੀ ਹਾਲਤ ਵਿਚ ਹੁੰਦਾ ਹੈ, ਕਿਉਂਕਿ ਵਿਆਹ ਆਪਣੇ ਪਿੰਡ ਵਿਚ ਨਹੀਂ ਕੀਤਾ ਜਾ ਸਕਦਾ), ਤਾਂ ਨਾਲ-ਲਗਦੇ ਪਿੰਡਾਂ ਦੇ ਮੋਤਬਰ ਆਦਮੀ ਰਲ ਕੇ ਪੰਚਾਇਤ ਦਾ ਰੂਪ ਧਾਰ ਕੇ, ਝਗੜੇ ਦਾ ਨਿਪਟਾਰਾ ਕਰਦੇ ਹਨ। ਜੇ ਕੋਈ ਝਗੜਾ ਕਿਸੇ ਹੋਰ ਜਾਤ ਦੇ ਮੈਂਬਰਾਂ ਨਾਲ ਹੋਵੇ, ਤਾਂ ਇਕ ਥਾਂ ਰਹਿਣ ਵਾਲੇ ਇਕ ਜਾਤ ਦੇ ਮੋਤਬਰ ਲੋਕ ਹੋਰ ਜਾਤਾਂ ਦੇ ਸਿਆਣੇ ਆਦਮੀਆਂ ਨਾਲ ਰਲ ਕੇ, ਝਗੜਾ ਨਬੇੜਦੇ ਹਨ। ਇਸ ਤਰ੍ਹਾਂ ਸਜਾਤੀ (ਆਪਣੀ ਜਾਤ ਦੇ) ਜਾਂ ਵਿਜਾਤੀ (ਹੋਰ ਜਾਤਾਂ ਦੇ) ਮੈਂਬਰਾਂ ਨਾਲ ਹੋਏ ਝਗੜਿਆਂ ਨੂੰ ਨਿਬੇੜਨ ਵਾਲੀ ਪੰਚਾਇਤ ਜਾਤ-ਪ੍ਰਨਾਲੀ ਦਾ ਇਕ ਹੋਰ ਜ਼ਰੂਰੀ ਅੰਗ ਹੈ।

**ਦੂਜਾ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀਆਂ ਥਾਵਾਂ ਉੱਤੇ ਹੀ ਦੇਣੇ ਹਨ। ਜਵਾਬ ਅਖ਼ੀਰ ਵਿੱਚ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਜਾਤ ਦੀ ਪਰਿਭਾਸ਼ਾ ਲਿਖੋ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਜਾਤ-ਪ੍ਰਨਾਲੀ ਦੇ ਮੁੱਖ ਲੱਛਣ ਕੀ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 10.5 ਜਾਤ ਤੇ ਆਰਥਿਕ ਪ੍ਰਨਾਲੀ

ਆਰਥਿਕ ਪ੍ਰਨਾਲੀ ਦਾ ਸੰਬੰਧ ਮਨੁੱਖੀ ਲੋੜਾਂ ਪੂਰੀਆਂ ਕਰਨ ਵਾਲੀ ਪੈਦਾਵਾਰ ਦੀ ਕਿਰਿਆ, ਉਸ ਦੀ ਵਸੀਲਿਆਂ, ਸੰਦਾਂ ਦੀ ਮਾਲਕੀ, ਤੇ ਕਿਰਤ ਦੀ ਵੰਡ, ਆਦਿ ਨਾਲ ਸੰਬੰਧਿਤ ਹੁੰਦੀ ਹੈ। ਇਸ ਭਾਗ ਵਿੱਚ ਜਾਤ-ਸਮਾਜ ਦੇ ਆਰਥਿਕ ਪ੍ਰਨਾਲੀ ਨਾਲ ਸੰਬੰਧਾਂ ਦੇ ਕੁੱਝ ਲੱਛਣਾਂ ਦਾ ਵਰਣਨ ਕੀਤਾ ਜਾਵੇਗਾ।

ਜਾਤ-ਸਮਾਜ ਦੇ ਉਪਰੋਕਤ ਵਰਣਨ ਤੋਂ ਸਪਸ਼ਟ ਹੈ ਕਿ ਜਾਤਾਂ, ਮੁੱਖ ਰੂਪ ਵਿਚ, ਕਿੱਤਿਆਂ ਦੇ ਆਧਾਰ ਉੱਤੇ ਪੈਦਾ ਹੋਏ ਉਹ ਸਮੂਹ ਹਨ, ਜਿਨ੍ਹਾਂ ਦਾ ਆਪਣਾ ਵੱਖਰਾ ਨਾਂ ਹੁੰਦਾ ਹੈ, ਜੋ ਆਪੋ-ਵਿੱਚੀ ਸਾਕਾਦਾਰੀ ਸੰਬੰਧਾਂ ਦੇ ਤਾਣੇ-ਬਾਣੇ ਵਿਚ ਬੱਝੇ ਹੁੰਦੇ ਹਨ, ਜਿਨ੍ਹਾਂ ਦੇ ਵਿਆਹ ਵੀ ਆਪੋ-ਵਿੱਚੀ ਹੁੰਦੇ ਹਨ ਅਤੇ ਜੋ ਦੂਜਿਆਂ ਨਾਲ ਖਾਣ-ਪੀਣ, ਛੋਹਣ ਆਦਿ ਤੋਂ ਪਰਹੇਜ਼ ਕਰਦੇ ਹਨ। ਕਬਾਇਲੀ ਸਮੂਹ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪੱਖੋਂ ਆਤਮ-ਨਿਰਭਰ ਹੁੰਦੇ ਹਨ ਪਰ ਜਾਤ-ਸਮੂਹ, ਸਮਾਜਿਕ ਅਤੇ ਰਾਜਨੀਤਿਕ ਪੱਖੋਂ ਆਤਮ-ਨਿਰਭਰ ਹੁੰਦੇ ਹਨ, ਪਰ ਆਰਥਿਕ ਤੌਰ ਉੱਤੇ ਸਭ ਦੀ ਨਿਰਭਰਤਾ ਇਕ ਦੂਜੇ ਉੱਤੇ ਹੁੰਦੀ ਹੈ। ਇਸ ਤਰ੍ਹਾਂ ਆਰਥਿਕ ਪ੍ਰਨਾਲੀ ਸਾਰੀਆਂ ਜਾਤਾਂ ਨੂੰ ਇਕ ਸਾਂਝੇ ਤਾਣੇ-ਬਾਣੇ ਵਿਚ ਜੋੜ ਕੇ ਇਕ ਵੱਖਰੀ ਕਿਸਮ ਦੇ ਅਤੇ ਵਡੇਰੇ ਸਮਾਜ ਦੀ ਸਿਰਜਨਾ ਕਰਦੀ ਹੈ।

**ਵਸੀਲੇ** : ਜਾਤ-ਪ੍ਰਨਾਲੀ ਵਿਚ ਪੈਦਾਵਾਰ ਦੇ ਵੱਖ-ਵੱਖ ਵਸੀਲੇ ਵੱਖ-ਵੱਖ ਜਾਤਾਂ ਦੀ ਮਾਲਕੀ ਸਮਝੇ ਜਾਂਦੇ ਹਨ, ਜਿਵੇਂ ਮੰਦਰ ਬ੍ਰਾਹਮਣਾਂ ਦੀ, ਮਰੇ ਹੋਏ ਪਸ਼ੂ ਚਮਿਆਰਾਂ ਦੀ, ਲੜਾਈ ਦੇ ਹਥਿਆਰ ਕਸ਼ੱਤਰੀਆਂ ਦੀ ਅਤੇ ਜ਼ਮੀਨ ਕਿਸਾਨਾਂ ਦੀ।

**ਸੰਦ** : ਇਸ ਸਮਾਜ ਵਿਚ ਪੈਦਾਵਾਰ ਦੇ ਸੰਦ ਵੀ ਜਾਤਾਂ ਦੀ ਆਪਣੀ ਮਾਲਕੀ ਬਣ ਜਾਂਦੇ ਹਨ, ਜਿਵੇਂ ਚੱਕ,

ਘੁਮਿਆਰ ਦੀ; ਕੋਹਲੂ ਤੇਲੀ ਦੀ; ਅਹਿਰਨ-ਹਥੌੜਾ, ਤੇਸਾ, ਆਦਿ ਤਰਖਾਣ ਦੀ, ਤੇ ਹਲ ਪੰਜਾਲੀ ਕਿਸਾਨ ਦੀ, ਆਦਿ। ਸੰਦਾਂ ਦੇ ਵਿਸ਼ੇਸ਼ੀਕਰਨ ਕਰਕੇ ਇਨ੍ਹਾਂ ਦੀ ਵਰਤੋਂ ਹਰ ਕੋਈ ਨਹੀਂ ਕਰ ਸਕਦਾ।

**ਕਿਰਿਆਵਾਂ** : ਪੈਦਾਵਾਰ ਨਾਲ ਸੰਬੰਧ ਰੱਖਣ ਵਾਲੇ ਕੰਮ ਵੀ ਵੱਖ-ਵੱਖ ਜਾਤਾਂ ਦੇ ਅਧਿਕਾਰ ਵਿਚ ਆ ਜਾਂਦੇ ਹਨ। ਇੱਕ ਜਾਤ ਦੇ ਮੈਂਬਰ ਦੂਜੀ ਜਾਤ ਦਾ ਕੰਮ ਨਹੀਂ ਕਰ ਸਕਦੇ, ਜਿਸ ਕਰਕੇ ਕਿੱਤਾ ਜੱਦੀ ਬਣ ਜਾਂਦਾ ਹੈ।

**ਸੰਬੰਧ** : ਕਿਉਂਕਿ ਜਾਤ-ਪ੍ਰਨਾਲੀ ਕਿੱਤੇ ਦੇ 'ਵਿਸ਼ੇਸ਼ੀਕਰਨ ਕਾਰਨ ਹੋਂਦ ਵਿਚ ਆਉਂਦੀ ਹੈ, ਇਸ ਲਈ ਵੱਖ-ਵੱਖ ਜਾਤਾਂ ਵਿਚਕਾਰ ਆਰਥਿਕ ਸੰਬੰਧ ਜਾਤ-ਪ੍ਰਨਾਲੀ ਦਾ ਇਕ ਜ਼ਰੂਰੀ ਅੰਸ਼ ਬਣ ਜਾਂਦੇ ਹਨ। ਇਹ ਆਰਥਿਕ ਸੰਬੰਧ ਮਾਲ ਤੇ ਸੇਵਾ ਦੇ ਵਟਾਂਦਰੇ ਦਾ ਰੂਪ ਧਾਰਨ ਕਰਦੇ ਹਨ ਅਤੇ ਪਿੰਡ ਵਿਚ ਰਹਿਣ ਵਾਲੀਆਂ ਵੱਖ-ਵੱਖ ਜਾਤਾਂ ਵਾਲੇ ਸਮਾਜ ਨੂੰ ਆਪੋ-ਵਿੱਚੀ ਜੋੜ ਦਿੰਦੇ ਹਨ। ਪੰਜਾਬੀ ਵਿਚ ਇਨ੍ਹਾਂ ਸੰਬੰਧਾਂ ਨੂੰ ਜਜਮਾਨੀ ਸੰਬੰਧ ਆਖਿਆ ਜਾਂਦਾ ਹੈ।

**ਜਜਮਾਨੀ ਸੰਬੰਧ** : ਜਜਮਾਨਾਂ, ਯੱਗ ਕਰਨ ਵਾਲੇ ਨੂੰ ਆਖਦੇ ਹਨ। ਯੱਗ ਵਿਚ ਕੁੱਝ ਲੋਕ ਮਾਲ ਦਿੰਦੇ ਹਨ ਤੇ ਕੁੱਝ ਸੇਵਾਵਾਂ। ਜੀਵਨ ਨੂੰ ਵੀ ਇਕ ਯੱਗ ਹੀ ਸਮਝਿਆ ਗਿਆ ਹੈ, ਜਿਸ ਵਿਚ ਵੱਖ-ਵੱਖ ਜਾਤਾਂ ਦੇ ਲੋਕ ਆਪਣਾ ਯੋਗਦਾਨ ਦਿੰਦੇ ਹਨ। ਪਿੰਡ ਵਿਚ ਰਹਿਣ ਵਾਲੀਆਂ ਜਾਤਾਂ ਨੂੰ ਕਿਰਸਾਣੀ (ਜਜਮਾਨ) ਜਾਤਾਂ, ਦਸਤਕਾਰ ਜਾਤਾਂ ਅਤੇ ਸੇਵਾਦਾਰ ਜਾਤਾਂ ਦੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਵਿਚਲੇ ਸੰਬੰਧਾਂ ਨੂੰ ਇਕ ਚਿੱਤਰ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ :




**ਪ੍ਰਭਾਵਿਕ ਜਾਂ ਜਜਮਾਨੀ ਜਾਤਾਂ** : ਪ੍ਰਭਾਵਿਕ ਜਾਤਾਂ ਕਿਸੇ ਇਲਾਕੇ (ਪਿੰਡ) ਵਿਚ ਰਹਿਣ ਵਾਲੀਆਂ ਉਹ ਜਾਤਾਂ ਹੁੰਦੀਆਂ ਹਨ, ਜਿਨ੍ਹਾਂ ਦੀ ਗਿਣਤੀ ਬਾਕੀ ਦੀਆਂ ਜਾਤਾਂ ਤੋਂ ਵੱਧ ਹੁੰਦੀ ਹੈ; ਬਹੁਤੀ ਜਾਂ ਸਾਰੀ ਜ਼ਮੀਨ ਉਨ੍ਹਾਂ ਦੀ ਮਾਲਕੀ ਵਿਚ ਹੁੰਦੀ ਹੈ, ਅਤੇ ਇਨ੍ਹਾਂ ਗੱਲਾਂ ਕਰਕੇ ਇਨ੍ਹਾਂ ਦੀ ਤਾਕਤ ਬਣੀ ਹੁੰਦੀ ਹੈ। ਵੱਖ-ਵੱਖ ਇਲਾਕਿਆਂ ਅਤੇ ਪਿੰਡਾਂ ਵਿਚ ਪ੍ਰਭਾਵਿਕ ਜਾਂ ਜਜਮਾਨੀ ਜਾਤਾਂ ਵੱਖ-ਵੱਖ ਹੁੰਦੀਆਂ ਹਨ, ਜਿਵੇਂ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿਚ ਜੱਟ ਪ੍ਰਭਾਵਿਕ ਜਾਤਾਂ ਹਨ। ਇਸੇ ਤਰ੍ਹਾਂ ਕਿਤੇ ਰਾਜਪੂਤ, ਕਿਤੇ ਮਰਹੱਟੇ ਅਤੇ ਕਿਤੇ ਪਟੇਲ ਪ੍ਰਭਾਵਿਕ ਹਨ ਪੰਜਾਬ ਦੇ ਕਿਸੇ ਪਿੰਡ ਵਿਚ ਗੁਜਰ ਪ੍ਰਭਾਵਿਕ ਹਨ, ਕਿਸੇ ਵਿਚ ਜੱਟ ਕਿਸੇ ਵਿਚ ਸੈਣੀ ਅਤੇ ਕਿਸੇ ਵਿਚ ਕੰਬੋ। ਇਹ ਜਾਤਾਂ ਮੁੱਖ ਰੂਪ ਵਿਚ, ਖੇਤੀ ਕਰਦੀਆਂ ਹਨ, ਅਤੇ ਸੇਵਾਦਾਰ ਅਤੇ ਦਸਤਕਾਰ ਜਾਤਾਂ ਨੂੰ ਉਨ੍ਹਾਂ ਪਾਸੋਂ ਪ੍ਰਾਪਤ ਸੇਵਾਵਾਂ ਦੇ ਬਦਲੇ, ਜਿਨਸ ਦੇ ਰੂਪ ਵਿੱਚ, ਕਿਰਸਾਣੀ ਉਪਜ ਦਾ ਕੁੱਝ ਬੱਝਵਾਂ ਭਾਗ ਦਿੰਦੀਆਂ ਹਨ। ਉਦਾਹਰਨ ਵਜੋਂ, ਜੇ ਕਿਸੇ ਪਿੰਡ ਵਿਚ ਜੱਟਾਂ ਨੂੰ ਇਕ ਪ੍ਰਭਾਵਕ ਜਾਂ ਜਜਮਾਨੀ ਜਾਤ ਮੰਨ ਲਿਆ ਜਾਵੇ ਤਾਂ ਉਹ ਤਰਖਾਣ, ਲੁਹਾਰ, ਪੰਡਤ ਜਾਂ ਗੁਰਦਵਾਰੇ ਦੇ ਭਾਈ, ਮੋਚੀ, ਨਾਈ ਆਦਿ ਨੂੰ ਹਰ ਛੇ ਮਹੀਨੇ ਪਿਛੋਂ ਫਸਲ ਆਉਣ ਉੱਤੇ, ਰਿਵਾਜ ਅਨੁਸਾਰ ਨਿਸ਼ਚਿਤ ਹੋਈਆਂ ਵੱਖ-ਵੱਖ ਜਿਨਸਾਂ, ਜਿਵੇਂ ਕਣਕ, ਮਕਈ, ਕਪਾਹ, ਗੁੜ, ਪੱਠੇ ਆਦਿ ਦਾ ਹਿੱਸਾ ਦਿੰਦੇ ਹਨ, ਜਿਨ੍ਹਾਂ ਦੇ ਬਦਲੇ ਵਿਚ ਤਰਖਾਣ ਉਨ੍ਹਾਂ ਲਈ ਲਕੜੀ ਦਾ ਸੰਦ ਬਣਾਉਂਦਾ ਤੇ ਮੁਰੰਮਤ ਕਰਦਾ ਹੈ। ਲੁਹਾਰ ਲੋਹੇ ਦੇ ਸੰਦ ਬਣਾਉਂਦਾ ਤੇ ਮੁਰੰਮਤ ਕਰਦਾ ਹੈ; ਮੋਚੀ ਹਰ ਛੇਆਂ ਮਹੀਨਿਆਂ ਪਿੱਛੋਂ ਪਰਿਵਾਰ ਦੇ ਹਰ ਜੀਅ ਨੂੰ ਇਕ ਜੁੱਤੀ ਬਣਾ ਕੇ ਦਿੰਦਾ ਹੈ ਅਤੇ ਜੁੱਤੀਆਂ ਦੀ ਮੁਰੰਮਤ ਕਰਦਾ ਹੈ; ਨਾਈ (ਹਿੰਦੂ) ਮਰਦਾਂ ਦੀ ਹਜਾਮਤ ਕਰਦਾ ਹੈ; ਮਹਿਰਾ ਹਰ ਰੋਜ਼ ਪਾਣੀ ਦੇ ਗਿਣਵੇਂ ਘੜੇ ਭਰਦਾ ਹੈ, ਆਦਿ।

ਇਨ੍ਹਾਂ ਨਿਤਾਪ੍ਰਤੀ ਦੇ ਕੰਮਾਂ ਤੋਂ ਅਲਾਵਾ ਸੇਵਾਦਾਰ ਜਾਤਾਂ, ਖ਼ਾਸ ਖ਼ਾਸ ਸਮਿਆਂ ਉੱਤੇ, ਖ਼ਾਸ ਖ਼ਾਸ ਸੇਵਾਵਾਂ ਵੀ ਦੇਂਦੀਆਂ ਹਨ, ਜਿਨ੍ਹਾਂ ਦੇ ਬਦਲੇ ਉਨ੍ਹਾਂ ਨੂੰ ਖ਼ਾਸ ਇਵਜ਼ਾਨੇ ਦਿੱਤੇ ਜਾਂਦੇ ਹਨ। ਇਨ੍ਹਾਂ ਮੌਕਿਆਂ ਉੱਤੇ ਪੁਜਾਰੀ,

ਤਰਖਾਣ, ਮੋਚੀ, ਨਾਈ, ਘੁਮਿਆਰ, ਆਦਿ ਵੱਖ-ਵੱਖ ਤਰੀਕਿਆਂ ਨਾਲ ਯੋਗਦਾਨ ਪਾਉਂਦੇ ਹਨ, ਜਿਨ੍ਹਾਂ ਲਈ ਉਨ੍ਹਾਂ ਨੂੰ ਰਿਵਾਜ ਅਨੁਸਾਰ ਇਵਜ਼ਾਨੇ ਦਿੱਤੇ ਜਾਂਦੇ ਹਨ, ਜੋ ਕਪੜੇ, ਪੈਸੇ, ਖਾਣੇ ਜਾਂ ਜਿਨਸ ਆਦਿ ਦੇ ਰੂਪ ਵਿਚ ਹੁੰਦੇ ਹਨ।

ਆਮ ਤੌਰ ਉੱਤੇ, ਵੱਖ-ਵੱਖ ਜਾਤਾਂ ਦੇ ਵੱਖ-ਵੱਖ ਘਰ, ਜਜਮਾਨੀ ਸੰਬੰਧਾਂ ਵਿਚ ਜੁੜੇ ਹੋਏ ਹੁੰਦੇ ਹਨ, ਅਤੇ ਇਹ ਸੰਬੰਧ ਪੀੜ੍ਹੀ-ਓ-ਪੀੜ੍ਹੀ ਚਲਦੇ ਰਹਿੰਦੇ ਹਨ। ਉਦਾਹਰਨ ਵਜੋਂ ਜੇ ਇਕ ਪਿੰਡ ਵਿਚ ਤਰਖਾਣਾਂ ਦੇ ਪੰਜ ਘਰ ਹੋਣ ਅਤੇ ਜੱਟਾਂ ਦੇ ਦੋ ਸੌ ਘਰ, ਤਾਂ ਤਰਖਾਣ ਆਪਣੀ ਸ਼ਮਤਾ ਅਨੁਸਾਰ ਚਾਲ੍ਹੀ ਚਾਲ੍ਹੀ ਜਾਂ ਪੰਜਾਹ, ਪੰਜਾਹ ਘਰ ਦਾ ਕੰਮ ਸੰਭਾਲ ਲੈਂਦੇ ਹਨ। ਬਾਕੀ ਜਾਤਾਂ ਦੇ ਲੋਕ ਵੀ ਇਵੇਂ ਹੀ ਕਰਦੇ ਹਨ। ਕੋਈ ਜਜਮਾਨ ਕਿਸੇ ਸੇਵਾਦਾਰ ਜਾਤ ਦਾ ਹੱਕ ਨਹੀਂ ਮਾਰਦਾ। ਜੇ ਕੋਈ ਅਜਿਹਾ ਜਤਨ ਕਰਦਾ ਹੈ ਤਾਂ ਗੱਲ ਪੰਚਾਇਤ ਪਾਸ ਜਾਂਦੀ ਹੈ। ਜੇ ਉਹ ਪੰਚਾਇਤ ਦਾ ਫ਼ੈਸਲਾ ਨਾ ਮੰਨੇ ਤਾਂ ਸੇਵਾਦਾਰ ਜਾਤ ਦਾ ਕੋਈ ਵੀ ਹੋਰ ਬੰਦਾ ਉਸ ਦੀ ਸੇਵਾ ਨਹੀਂ ਕਰਦਾ।

## 10.6 ਜਾਤ-ਪ੍ਰਨਾਲੀ ਵਿਚ ਪਰਿਵਰਤਨ

ਜਿਵੇਂ ਕਿ ਉਪਰੋਕਤ ਵਰਨਣ ਤੋਂ ਸਪਸ਼ਟ ਹੈ, ਹਿੰਦੁਸਤਾਨੀ ਸਮਾਜ ਹੁਣ ਜਾਤ-ਪ੍ਰਨਾਲੀ ਤੋਂ ਬਦਲ ਕੇ ਵਰਗ ਪ੍ਰਨਾਲੀ ਵਿਚ ਢਲਣ ਲੱਗ ਪਿਆ ਹੈ। ਇਸ ਲਈ ਇਸ ਪਰਿਵਰਤਨ ਦੇ ਕਾਰਨਾਂ ਅਤੇ ਪਰਿਵਰਤਨ ਦੇ ਵੱਖ-ਵੱਖ ਲੱਛਣਾਂ ਦਾ ਸੰਖੇਪ ਜਾਇਜ਼ਾ ਲਾਉਣਾ ਜ਼ਰੂਰੀ ਹੈ।

**ਕਾਰਨ** : ਪਰੀਵਰਤਨ ਦੇ ਕਾਰਨਾਂ ਵਿੱਚੋਂ ਇਕ ਬਹੁਤ ਹੀ ਮਹੱਤਵਪੂਰਨ ਕਾਰਨ ਹਿੰਦੁਸਤਾਨੀ ਸਮਾਜ ਵਿਚ ਮੁਜ਼ਾਰਾਮਈ ਜਾਂ ਜਾਗੀਰਦਾਰੀ ਆਰਥਿਕ ਪ੍ਰਨਾਲੀ ਦੀ ਥਾਂ ਸਰਮਾਏਦਾਰੀ ਆਰਥਿਕ ਪ੍ਰਨਾਲੀ ਦਾ ਆਉਣਾ ਹੈ। ਸਰਮਾਏਦਾਰੀ ਪ੍ਰਬੰਧ ਦੇ ਪ੍ਰਵੇਸ਼ ਨਾਲ ਕੁੱਝ ਪੁਰਾਣੇ ਕਿੱਤੇ ਨਕਾਰਾ ਹੋ ਗਏ ਤੇ ਕੁੱਝ ਨਵੇਂ ਕਿੱਤੇ ਹੋਂਦ ਵਿਚ ਆ ਗਏ, ਜਿਸ ਕਰਕੇ ਕਿੱਤਿਆਂ ਦੇ ਵਿਸ਼ੇਸ਼ੀਕਰਨ ਵਿਚ ਅਤੇ ਆਵਾਜਾਈ ਦੇ ਸਾਧਨਾਂ ਗੁਣਾਂ ਦੇ ਆਧਾਰ ਉੱਤੇ ਵੱਖ-ਵੱਖ ਜਾਤਾਂ ਵਿਚੋਂ ਅਮਲੇ ਦੀ ਭਰਤੀ ਅਤੇ ਉਨ੍ਹਾਂ ਵਿਚ ਨਵੇਂ ਸੰਬੰਧਾਂ ਦੀ ਉਪਜ ਵਿਚ ਕਈ ਗੁਣਾਂ ਵਾਧਾ ਹੋ ਗਿਆ ਹੈ। ਤਬਦੀਲੀ ਦਾ ਦੂਜਾ ਮਹੱਤਵ ਪੂਰਨ ਕਾਰਨ ਰਜਵਾੜਾਸ਼ਾਹੀ ਦੀ ਥਾਂ ਲੋਕਰਾਜੀ ਰਾਜਨੀਤਿਕ ਪ੍ਰਨਾਲੀ ਦਾ ਹੋਂਦ ਵਿਚ ਆਉਣਾ ਹੈ, ਜਿਸ ਨੇ ਹਰ ਜਾਤ ਦਾ ਬਰਾਬਰੀ ਦੀ ਪੱਧਰ ਉੱਤੇ, ਹਿੱਸੇਦਾਰ ਬਣਨਾ ਸੰਭਵ ਬਣਾ ਦਿੱਤਾ ਹੈ। ਉਦਯੋਗੀਕਰਨ ਅਤੇ ਸ਼ਹਿਰੀਕਰਨ ਨੂੰ ਜਾਤ-ਪ੍ਰਨਾਲੀ ਵਿਚ ਹੋ ਰਹੀਆਂ ਤਬਦੀਲੀਆਂ ਦਾ ਤੀਜਾ ਮਹਤਵਪੂਰਨ ਕਾਰਨ ਸਮਝਿਆ ਜਾ ਸਕਦਾ ਹੈ।

**ਪਰਿਵਰਤਨ ਦੇ ਲੱਛਣ** :
ਜਾਤ-ਪ੍ਰਨਾਲੀ ਵਿਚ ਆਏ ਕੁੱਝ ਪਰਿਵਰਤਨ ਇਹ ਹਨ :

**ੳ) ਕਿੱਤਿਆਂ ਵਿਚ ਪਰਿਵਰਤਨ** : ਹਿੰਦੁਸਤਾਨ ਵਿਚ ਜਾਤਾਂ ਦੀ ਗਿਣਤੀ ਭਾਵੇਂ ਵੀਹਵੀਂ ਸਦੀ ਦੇ ਮੁੱਢ ਵਿਚ ਚਾਰ ਤੋਂ ਵੱਧ ਦੱਸੀ ਜਾਂਦੀ ਹੈ, ਏਥੇ ਕਿੱਤਿਆਂ ਦੀ ਗਿਣਤੀ ਸੌ, ਦੋ ਸੌ ਤੋਂ ਵੱਧ ਨਹੀਂ ਸੀ। ਇਹ ਜਾਤਾਂ ਦੀ ਬਹੁ-ਗਿਣਤੀ ਵੱਖ-ਵੱਖ ਇਲਾਕਿਆਂ ਵਿੱਚ ਇਨ੍ਹਾਂ ਕਿੱਤਿਆਂ ਉੱਤੇ ਆਧਾਰਿਤ ਵੱਖ-ਵੱਖ ਸਮਾਜਿਕ ਇਕਾਈਆਂ ਦੇ ਹੋਂਦ ਵਿਚ ਆਉਣ ਦੇ ਕਾਰਨ ਸੀ। ਸਰਮਾਏ ਵਾਲੀ ਆਰਥਿਕ ਪ੍ਰਨਾਲੀ ਵਿਚ, ਜੋ ਏਥੇ ਅੰਗਰੇਜ਼ਾਂ ਨਾਲ ਆਈ, ਘਰੇਲੂ ਉਦਯੋਗਾਂ ਵਾਲੇ ਕਿੱਤੇ ਨਕਾਰਾ ਹੋ ਗਏ, ਜਿਵੇਂ ਮਿੱਲਾਂ ਵਿਚ ਬਣੇ ਕਪੜੇ ਨੇ ਜੁਲਾਹਿਆਂ ਨੂੰ ਬੇਰੋਜ਼ਗਾਰ ਬਣਾ ਦਿੱਤਾ ਅਤੇ ਮਸ਼ੀਨਾਂ ਨਾਲ ਬਣੇ ਧਾਤਾਂ ਦੇ ਭਾਂਡਿਆਂ ਨੇ ਘੁਮਿਆਰਾਂ ਨੂੰ ਹੋਰ ਕੰਮ ਲੱਭਣ ਉੱਤੇ ਮਜਬੂਰ ਕਰ ਦਿੱਤਾ। ਨਵੀਂ ਤਕਨਾਲੋਜੀ ਉੱਤੇ ਅਧਾਰਿਤ ਨਵੇਂ ਕਿੱਤੇ ਹੋਂਦ ਵਿਚ ਆਏ। ਵੱਖ-ਵੱਖ ਜਾਤਾਂ ਦੇ ਲੋਕਾਂ ਨੇ ਨਵੇਂ-ਨਵੇਂ ਕਿੱਤੇ, ਅਤੇ ਇਸ ਪ੍ਰਕਿਰਿਆ ਨਾਲ ਜਾਤ ਤੇ ਕਿੱਤੇ ਦਾ ਆਪਸੀ ਸੰਬੰਧ ਢੇਰੀ ਹੋਣ ਲੱਗ ਪਿਆ। ਇਸ ਤਰ੍ਹਾਂ ਕਿੱਤਾ ਨਿਸ਼ਚਿਤ ਕਰਨ ਵਾਲਾ ਜਾਤ ਦਾ ਰੋਲ ਘਟਨਾ ਸ਼ੁਰੂ ਹੋ ਗਿਆ।

**ਅ) ਕਦਰਾਂ ਤੇ ਦਰਜੇਬੰਦੀ ਵਿੱਚ ਪਰਿਵਰਤਨ** : ਸਰਮਾਏਦਾਰੀ ਆਰਥਿਕ ਪ੍ਰਨਾਲੀ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਕਦਰ ਆਰਥਿਕ ਲਾਭ ਜਾਂ ਮੁਨਾਫੇ ਦੀ ਹੁੰਦੀ ਹੈ। ਨਵੇਂ ਕਿੱਤਿਆਂ ਦੀ ਚੋਣ ਆਰਥਿਕ ਲਾਭਾਂ ਦੇ ਆਧਾਰ ਉੱਤੇ ਹੋਣੀ ਕੁਦਰਤੀ ਸੀ। ਲੋਕ ਪਵਿੱਤਰ-ਅਪਵਿੱਤਰ ਦੇ ਸੰਕਲਪ ਤੋਂ ਮੂੰਹ ਮੋੜਨ ਲੱਗ ਪਏ। ਸਮੁੱਚੇ ਹਿੰਦੁਸਤਾਨੀ ਸਮਾਜ ਵਿੱਚ ਧਾਰਮਿਕ ਕਦਰਾਂ-ਕੀਮਤਾਂ ਦੀ ਮਹੱਤਾ ਘਟਣ ਲੱਗ ਪਈ। ਸਮੁੱਚੇ ਹਿੰਦੁਸਤਾਨੀ ਸਮਾਜ ਵਿੱਚ ਧਾਰਮਿਕ ਕਦਰਾਂ ਵਿੱਚ ਇਕਸਾਰਤਾ ਨਾ ਰਹੀ। ਧਾਰਮਿਕ ਸੁਧਾਰ ਦੀਆਂ ਕਈ ਲਹਿਰਾਂ ਦੇ ਪੈਦਾ ਹੋਣ ਪਿੱਛੋਂ ਕਦਰਾਂ-ਕੀਮਤਾਂ ਦਾ ਇਹ ਸੰਕਟ ਵੀ ਕੰਮ ਕਰ ਰਿਹਾ ਸੀ।

**ੲ) ਜਜਮਾਨੀ ਪ੍ਰਨਾਲੀ ਵਿਚ ਪਰਿਵਰਤਨ** : ਕਿੱਤਿਆਂ ਦੀ ਰਿਵਾਇਤੀ ਪ੍ਰਨਾਲੀ ਦੇ ਨਕਾਰਾ ਹੋ ਜਾਣ ਤੇ ਨਵੀਂ ਕਿੱਤਾ ਪ੍ਰਨਾਲੀ ਦੇ ਹੋਂਦ ਵਿਚ ਆਉਣ ਨਾਲ ਵੱਖ-ਵੱਖ ਜਾਤਾਂ ਵਿਚਲੇ ਆਰਥਿਕ ਅਤੇ ਸਮਾਜਿਕ ਵਟਾਂਦਰੇ ਦੇ ਸੰਬੰਧ ਵੀ, ਜਿਨ੍ਹਾਂ ਨੂੰ ਜਜਮਾਨੀ ਸੰਬੰਧ ਆਖਿਆ ਜਾਂਦਾ ਸੀ, ਬਦਲਣ ਲਗ ਪਏ। ਹੁਣ ਇਹ ਸੰਬੰਧ ਲਗ-ਪਗ ਖਤਮ ਹੀ ਹੋ ਗਏ ਹਨ ਜਾਂ ਖਾਤਮੇ ਦੇ ਨੇੜੇ ਪਹੁੰਚ ਗਏ ਹਨ। ਪਿੰਡਾਂ ਵਿਚ ਵੀ ਹੁਣ ਇਹ ਸੰਬੰਧ ਹੰਢਣਸਾਰ ਨਹੀਂ ਰਹਿ ਗਏ, ਸਗੋਂ ਅਸਥਾਈ ਅਤੇ ਠੇਕੇਦਾਰਾਨਾ ਹੋ ਗਏ ਹਨ। ਕਿਸੇ ਜਾਤ ਦੁਆਰਾ ਕੀਤੇ ਕੰਮ ਜਾਂ ਸੇਵਾ ਦੀ ਅਦਾਇਗੀ ਹੁਣ ਜਿਨਸ ਜਾਂ ਹੱਕਾਂ ਦੀ ਥਾਂ ਪੈਸੇ ਵਿਚ ਕੀਤੀ ਜਾਂਦੀ ਹੈ, ਜਿਸ ਦਾ ਦਰ ਮੰਡੀ ਦੇ ਨਿਯਮਾਂ ਅਨੁਸਾਰ ਹੁੰਦਾ ਹੈ।

**ਸ) ਦਰਜੇਬੰਦੀ ਦੇ ਪ੍ਰਬੰਧ ਵਿਚ ਪਰਿਵਰਤਨ** : ਜਾਤਾਂ ਦੀ ਦਰਜੇਬੰਦੀ ਵਿਚ ਵੀ ਹੁਣ ਬੁਨਿਆਦੀ ਪਰਿਵਰਤਨ ਆ ਰਹੇ ਹਨ। ਬ੍ਰਾਹਮਣ ਨੂੰ ਹੁਣ ਉੱਚਾ ਨਹੀਂ ਸਮਝਿਆ ਜਾਂਦਾ। ਅਸਲ ਵਿਜ ਦਰਜੇਬੰਦੀ ਦਾ ਆਧਾਰ ਹੁਣ ਜਾਤ ਦੀ ਥਾਂ

ਪਰਿਵਾਰ ਬਣਦਾ ਜਾ ਰਿਹਾ ਹੈ। ਦਰਜੇਬੰਦੀ ਦੇ ਮੁਲੰਕਣ ਦਾ ਆਧਾਰ ਹੁਣ ਪੈਸਾ ਤੇ ਰਾਜਨੀਤਿਕ ਤਾਕਤ ਹੈ। ਹੁਣ ਪੈਸੇ ਵਾਲੇ ਨੂੰ ਹੀ ਉੱਚਾ ਸਮਝਿਆ ਜਾਂਦਾ ਹੈ, ਉਸ ਦੀ ਜਾਤ ਦਾ ਪਿਛੋਕੜ ਭਾਵੇਂ ਕੁੱਝ ਵੀ ਹੋਵੇ।

**ਹ) ਵਿਆਹ** : ਸਜਾਤੀ ਵਿਆਹ ਦੀ ਪ੍ਰਥਾ ਜਾਤ-ਪ੍ਰਨਾਲੀ ਦਾ ਇੱਕ ਬਹੁਤ ਈ ਮਹੱਤਵਪੂਰਨ ਲੱਛਣ ਹੈ। ਇਸ ਵਿੱਚ ਅਜੇ ਬੁਨਿਆਦੀ ਪਰਿਵਰਤਨ ਨਹੀਂ ਆਏ, ਪਰ ਸ਼ਹਿਰੀ ਲੋਕਾਂ ਵਿੱਚ ਅਤੇ ਉਪਰਲੇ ਤਬਕਿਆਂ ਵਿਚ ਇਸ ਪੱਖੋਂ ਵੀ ਬਹੁਤ ਤਬਦੀਲੀਆਂ ਆ ਰਹੀਆਂ ਹਨ। ਅੰਤਰ-ਜਾਤੀ ਵਿਆਹਾਂ ਲਈ ਲੋਕਾਂ ਦਾ ਰਵੱਈਆ ਵਧੇਰੇ ਸਹਿਨਸ਼ੀਲ ਹੁੰਦਾ ਜਾ ਰਿਹਾ ਹੈ ਅਤੇ ਸ਼ਹਿਰਾਂ ਵਿਚ ਇਨ੍ਹਾਂ ਦੀ ਵਿਆਪਕਤਾ ਵੀ ਵਧਦੀ ਜਾ ਰਹੀ ਹੈ। ਇਹ ਗੱਲ ਉੱਪਰਲੇ ਤਬਕਿਆਂ ਵਿਚ ਵਧੇਰੇ ਵਧ ਗਈ ਹੈ, ਕਿਉਂਕਿ ਹਰ ਜਾਤ ਵਿਚ ਵਿਸ਼ਿਸ਼ਟ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ, ਜਿਸ ਕਾਰਨ ਉਨ੍ਹਾਂ ਲਈ ਆਪਣੀ ਜਾਤ ਦੇ ਅੰਦਰੋਂ ਯੋਗ ਮੁੰਡੇ ਕੁੜੀਆਂ ਲੱਭਣੇ ਔਖੇ ਹੋ ਗਏ ਹਨ।

**ਕ) ਜਾਤਾਂ ਵਿਚ ਵਿੱਥ ਦਾ ਘਟਣਾ** : ਵੱਖ-ਵੱਖ ਜਾਤਾਂ ਵਿਚਕਾਰ ਛੋਹਣ, ਖਾਣ-ਪੀਣ ਆਦਿ ਦੇ ਪੱਖੋਂ ਪਹਿਲਾਂ ਬਹੁਤ ਪਰਹੇਜ਼ ਕੀਤੇ ਜਾਂਦੇ ਸਨ। ਹੁਣ ਜਦ ਕਿ ਵੱਖ-ਵੱਖ ਜਾਤਾਂ ਦੇ ਲੋਕਾਂ ਨੂੰ ਗੱਡੀਆਂ, ਬੱਸਾਂ, ਟਾਂਗਿਆਂ ਆਦਿ ਉੱਤੇ ਇਕੱਠੇ ਬਹਿਣਾ ਪੈਂਦਾ ਹੈ, ਅਤੇ ਹੋਟਲਾਂ ਵਿਚ ਉਨ੍ਹਾਂ ਹੀ ਭਾਂਡਿਆਂ ਵਿਚ ਤੇ ਉਨ੍ਹਾਂ ਹੀ ਮੇਜ਼ਾਂ ਉੱਤੇ ਖਾਣਾ-ਪੀਣਾ ਪੈਂਦਾ ਹੈ, ਅਜਿਹੇ ਵੇਰਵਿਆਂ ਲਈ ਕੋਈ ਥਾਂ ਨਹੀਂ ਰਹਿ ਜਾਂਦੀ। ਇਸ ਪੱਖ ਤੋਂ ਜਾਤ ਵਿਚ ਸਭ ਤੋਂ ਵੱਧ ਤਬਦੀਲੀਆਂ ਜਾਤ-ਪ੍ਰਬੰਧ ਵਿਚ ਆ ਰਹੀਆਂ ਹਨ। ਪਹਿਲਾਂ ਕਈ ਜਾਤਾਂ, ਖਾਸ ਕਰਕੇ ਸ਼ੂਦਰ ਜਾਤਾਂ ਨੂੰ, ਮੰਦਰ ਵਿਚ ਨਹੀਂ ਸੀ ਜਾਣ ਦਿੱਤਾ ਜਾਂਦਾ, ਪਰ ਹੁਣ ਕਾਨੂੰਨ ਅਨੁਸਾਰ ਉਹਨਾਂ ਨੂੰ ਮੰਦਰਾਂ ਵਿਚ ਜਾਣੋਂ ਨਹੀਂ ਰੋਕਿਆ ਜਾ ਸਕਦਾ।

**ਖ) ਅਨੁਸੂਚਿਤ ਜਾਤਾਂ** : ਹਿੰਦੁਸਤਾਨ ਦੀ ਲਗਪਗ ਪੰਜਵਾਂ ਹਿੱਸਾ ਵੱਸੋਂ ਨੂੰ ਸ਼ੂਦਰ ਜਾਤਾਂ ਸਮਝਿਆ ਜਾਂਦਾ ਸੀ। ਇਨ੍ਹਾਂ ਦਾ ਦਰਜਾ ਹੋਰ ਸਭ ਤੋਂ ਨੀਵਾਂ ਹੁੰਦਾ ਸੀ। ਇਨ੍ਹਾਂ ਨੂੰ ਖਾਣ, ਪੀਣ, ਪਹਿਨਣ, ਰਹਿਣ, ਵਿਦਿਆ-ਪ੍ਰਾਪਤੀ, ਧਰਮ ਅਤੇ ਆਰਥਿਕ ਅਤੇ ਰਾਜਨੀਤਿਕ ਤਾਕਤ ਦੇ ਪੱਖੋਂ ਹਰ ਤਰ੍ਹਾਂ ਦੇ ਵਿਤਕਰੇ ਸਹਿਣੇ ਪੈਂਦੇ ਸਨ। ਇਨ੍ਹਾਂ ਵਿਤਕਰਿਆਂ ਤੋਂ ਬਚਾਉਣ ਲਈ ਇਨ੍ਹਾਂ ਨੂੰ ਸੂਚੀਬੱਧ ਕਰਕੇ ਅਨੁਸੂਚਿਤ ਜਾਤਾਂ ਦਾ ਨਾਂ ਦਿੱਤਾ ਗਿਆ ਹੈ। ਮਹਾਤਮਾ ਗਾਂਧੀ ਨੇ ਇਨ੍ਹਾਂ ਨੂੰ 'ਹਰੀਜਨ' ਦਾ ਨਾਂ ਦਿੱਤਾ। ਇਨ੍ਹਾਂ ਨੂੰ ਜਾਤ-ਪ੍ਰਨਾਲੀ ਵਿਚ ਥਾਂ ਦਿਵਾਉਣ ਲਈ ਸਵਿਧਾਨ ਵਿਚ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ। ਪੜ੍ਹਾਈ ਲਈ ਦਿੱਤੀ ਸਹਇਤਾ ਅਤੇ ਨਵੀਂ ਪੈਦਾ ਹੁੰਦੀ ਕਿੱਤਾ-ਪ੍ਰਨਾਲੀ ਵਿਚ, ਹਰ ਪੱਧਰ ਉੱਤੇ, ਅਤੇ ਰਾਜਨੀਤਿਕ ਪ੍ਰਨਾਲੀ ਵਿਚ ਰਾਖਵੇਂ ਕਰਨ ਰਾਹੀਂ ਇਨ੍ਹਾਂ ਦੀ ਸਥਿਤੀ ਤੇ ਹਾਲਤ ਸੁਧਾਰਨ ਲਈ ਕਈ ਜਤਨ ਕੀਤੇ ਗਏ ਹਨ, ਜਿਨ੍ਹਾਂ ਦੇ ਅਸਰ ਪ੍ਰਤੱਖ ਰੂਪ ਵਿਚ ਸਾਹਮਣੇ ਆ ਰਹੇ ਹਨ।

**ਗ) ਜਾਤ ਅਤੇ ਰਾਜਨੀਤੀ** ; ਜਦ ਕਿ ਜਾਤ ਦੇ ਬਾਕੀ ਸਾਰੇ ਲੱਛਣ ਕਮਜ਼ੋਰ ਹੁੰਦੇ ਜਾ ਰਹੇ ਹਨ, ਮੁਲਕ ਵਿਚ ਲੋਕਤੰਤਰੀ ਰਾਜ ਤੇ ਇਸ ਵਿੱਚ ਹਰ ਵਿਅਕਤੀ ਦੇ ਭਾਗ ਲੈਣ ਦੇ ਕਾਰਨ ਜਾਤ ਵਧਦੀ ਮਾਤਰਾ ਵਿਚ ਰਾਜਨੀਤੀ ਉੱਤੇ ਅਸਰਦਾਇਕ ਹੋਣ ਲਗ ਪਈ ਹੈ। ਰਾਜਨੀਤਿਕ ਪਾਰਟੀਆਂ ਦੇ ਕਈ ਵਾਰ ਜਾਤਾਂ ਜਾਂ ਜਾਤ-ਸਮੂਹਾਂ ਨਾਲ ਸੰਬੰਧ ਜੋੜੇ ਜਾਂਦੇ ਹਨ, ਜਿਵੇਂ ਅਕਾਲੀ ਪਾਰਟੀ ਅਤੇ ਲੋਕ ਦੱਲ ਨੂੰ ਜੱਟਾਂ ਦੀਆਂ ਪਾਰਟੀਆਂ ਆਖਿਆ ਜਾਂਦਾ ਹੈ; ਜਨਸੰਘ ਨੂੰ ਹਟਵਾਣੀਆਂ (ਵਪਾਰੀ ਵਰਗ) ਦੀ ਤੇ ਤੇਲਗੂ ਦੇਸ਼ਮ ਨੂੰ ਕਾਮਿਆਂ ਦੀ, ਆਦਿ। ਪਾਰਟੀਆਂ ਦੀਆਂ ਚੋਣਾਂ ਲੜਨ ਲਈ ਉਮੀਦਵਾਰਾਂ ਦੀ ਚੋਣ ਵੀ, ਆਮ ਤੌਰ ਉੱਤੇ, ਕਿਸੇ ਇਲਾਕੇ ਵਿਚ ਰਹਿਣ ਵਾਲੀ ਪ੍ਰਭਾਵਿਕ ਜਾਤ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ ਅਤੇ ਵੋਟਾਂ ਪਾਉਣ ਲਗਿਆਂ ਵੋਟਰ ਵੀ, ਮੁੱਖ ਰੂਪ ਵਿਚ, ਆਪਣੀ ਜਾਤ ਦੇ ਉਮੀਦਵਾਰ ਨੂੰ ਹੀ ਵੋਟ ਪਾਉਂਦੇ ਹਨ। ਰਾਜਨੀਤਿਕ ਅਹੁਦਿਆਂ ਦੀ ਵੰਡ ਅਤੇ ਰਾਜਨੀਤਿਕ ਪ੍ਰਕਿਰਿਆ ਵਿਚ ਇਨਾਮਾਂ ਦੀ ਵੰਡ ਵਿਚ ਵੀ ਜਾਤ ਦੀ ਮੈਂਬਰੀ ਕਾਫੀ ਰੋਲ ਅਦਾ ਕਰਦੀ ਹੈ।

**ਤੀਜਾ ਅਭਿਆਸ**

**ਨੋਟ:** ਹੇਠ-ਲਿਖੇ ਸਵਾਲਾਂ ਦੇ ਉੱਤਰ ਖ਼ਾਲੀ ਛੱਡੀ ਹੋਈ ਥਾਂ ਉੱਤੇ ਲਿਖ ਕੇ ਆਪਣੇ ਉੱਤਰਾਂ ਨਾਲ ਅੰਤ ਵਿੱਚ ਦਿੱਤੇ ਉੱਤਰਾਂ ਨੂੰ ਮੇਲ ਲਵੋ।

1 ਜਾਤ-ਪ੍ਰਨਾਲੀ ਦੇ ਆਰਥਿਕ ਸੰਬੰਧਾਂ ਦਾ ਵੇਰਵਾ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਜਾਤ-ਪ੍ਰਨਾਲੀ ਵਿੱਚ ਕੀ ਤਬਦੀਲੀਆਂ ਆ ਰਹੀਆਂ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 10.7 ਸਾਰ

ਇਸ ਪਾਠ ਵਿੱਚ ਦੱਸਿਆ ਗਿਆ ਹੈ ਕਿ ਸਾਕਾਦਾਰੀ, ਧਾਰਮਿਕ, ਆਰਥਿਕ, ਰਾਜਨੀਤਿਕ ਆਦਿ ਕਿਸਮ ਦੇ ਸੰਬੰਧਾਂ ਦੇ ਤਾਣੇ-ਬਾਣੇ ਨੂੰ ਸਮਾਜ ਕਿਹਾ ਜਾਂਦਾ ਹੈ। ਸਮਾਜਾਂ ਦੀ ਵਰਗਬੰਦੀ ਦਾ ਇਕ ਤਰੀਕਾ ਇਹਨਾਂ ਨੂੰ ਕਬਾਇਲੀ ਸਮਾਜ, ਜਾਤ ਸਮਾਜ ਅਤੇ ਵਰਗ ਸਮਾਜ ਦੀਆਂ ਸ਼੍ਰੇਣੀਆਂ ਵਿੱਚ ਵੰਡਣ ਦਾ ਹੈ, ਆਮ ਤੌਰ ਉੱਤੇ ਹਿੰਦੂ ਸਮਾਜ ਨੂੰ ਜਾਤ ਸਮਾਜ ਆਖਿਆ ਜਾਂਦਾ ਹੈ, ਪਰ ਹਿੰਦੁਸਤਾਨ ਦੇ ਮੁਸਲਿਮ, ਸਿੱਖ ਅਤੇ ਇਸਾਈ ਸਮਾਜ ਵੀ ਜਾਤ-ਪ੍ਰਨਾਲੀ ਦੀ ਪਕੜ ਤੋਂ ਪੂਰਨ ਰੂਪ ਵਿੱਚ ਮੁਕਤ ਨਹੀਂ ਹਨ। ਜਾਤ-ਪ੍ਰਨਾਲੀ ਦੇ ਕੁਝ ਲੱਛਣ ਹਨ—ਸਮਾਜ ਦੀ ਵੱਖ-ਵੱਖ ਭਾਗਾਂ ਵਿੱਚ ਵੰਡ, ਧਰਮ ਦੇ ਆਧਾਰ ਉੱਤੇ ਦਰਜਾਬੰਦੀ, ਜਿਸ ਵਿੱਚ ਉਨ੍ਹਾਂ ਦੇ ਆਪਣੇ ਵੱਖਰੇ ਨਾਂ-ਇਸ਼ਟ, ਕਿੱਤੇ ਤੇ

ਪੰਚਾਇਤਾਂ ਹੁੰਦੀਆਂ ਹਨ: ਸਜਾਤੀ ਵਿਆਹ ਤੇ ਇੱਕ ਦੂਜੇ ਨਾਲ ਖਾਣ-ਪੀਣ ਤੋਂ ਪਰਹੇਜ਼। ਇਹ ਜਾਤਾਂ ਵੱਖ-ਵੱਖ ਵਸਤਾਂ ਉਪਜਾਉਂਦੀਆਂ ਹਨ ਤੇ ਜਜਮਾਨੀ ਸੰਬੰਧਾਂ ਰਾਹੀ ਇਕ ਦੂਜੇ ਨਾਲ ਜੁੜੀਆਂ ਹੁੰਦੀਆ ਹਨ। ਅੱਜ ਜਾਤ-ਪ੍ਰਨਾਲੀ ਦੇ ਸਾਰੇ ਨਕਸ਼ ਮੱਧਮ ਪੈਂਦੇ ਜਾ ਰਹੇ ਹਨ ਅਤੇ ਜਾਤ-ਸਮਾਜ ਹੁਣ ਵਰਗ ਸਮਾਜ ਵਿੱਚ ਬਦਲਦਾ ਜਾ ਰਿਹਾ ਹੈ।

## 10.8 ਅਭਿਆਸਾਂ ਦੇ ਉੱਤਰ

### ਪਹਿਲਾ ਅਭਿਆਸ

1 ਮਨੁੱਖ ਵੱਖ-ਵੱਖ ਲੋੜਾਂ ਦੀ ਪੂਰਤੀ ਲਈ ਵੱਖ-ਵੱਖ ਕਿਸਮ ਦੇ ਲੋਕਾਂ ਨਾਲ ਸੰਬੰਧਿਤ ਹੁੰਦਾ ਹੈ, ਜਿਵੇਂ ਸਾਕਾਦਾਰੀ ਸੰਬੰਧ, ਰਾਜਨੀਤਿਕ ਸੰਬੰਧ, ਆਰਥਿਕ ਸੰਬੰਧ, ਧਾਰਮਿਕ ਜਾਂ ਪਰਿਵਾਰਿਕ ਸੰਬੰਧ। ਇਨ੍ਹਾਂ ਸਾਰੇ ਸੰਬੰਧਾਂ ਦੇ ਤਾਣੇ ਬਾਣੇ ਨੂੰ ਸਮਾਜ ਆਖਿਆ ਜਾਂਦਾ ਹੈ।

2 ਕਬਾਇਲੀ ਸਮਾਜ, ਜਾਤ-ਸਮਾਜ ਅਤੇ ਵਰਗ-ਸਮਾਜ, ਸਮਾਜਾਂ ਦੀਆਂ ਮੁੱਖ ਕਿਸਮਾਂ ਹਨ।

3 ਸਾਂਝੇ ਨਾਮ, ਸਾਂਝੇ ਵਿਰਸੇ, ਸਾਂਝੇ ਇਸ਼ਟ, ਘੱਟ ਵਿਕਸਿਤ ਆਰਥਿਕਤਾ ਤੇ ਵਿਸ਼ੇਸ਼ੀਕਰਨ ਦੀ ਘਾਟ, ਕਬਾਇਲੀ ਸਮਾਜ ਦੇ ਮੁੱਖ ਲੱਛਣ ਹਨ।

4 ਮੁੱਖ ਰੂਪ ਵਿਚ ਹਿੰਦੂ ਸਮਾਜ ਨੂੰ ਹੀ ਜਾਤ-ਸਮਾਜ ਆਖਿਆ ਜਾ ਸਕਦਾ ਹੈ, ਪਰ ਹਿੰਦੁਸਤਾਨ ਵਿੱਚ ਰਹਿਣ ਵਾਲੇ ਮੁਸਲਿਮ ਸਿੱਖ ਅਤੇ ਇਸਾਈ ਸਮਾਜਾਂ ਵਿੱਚ ਵੀ ਜਾਤ-ਪ੍ਰਨਾਲੀ ਦੇ ਅੰਸ਼ ਮੌਜੂਦ ਹਨ।

### ਦੂਜਾ ਅਭਿਆਸ

1 ਜਿਸ ਲੋਕ-ਸਮੂਹ ਦਾ ਨਾਂ ਸਾਂਝਾ ਹੋਵੇ, ਜਿਸ ਦੇ ਵਿਆਹ ਸਮੂਹ ਤੋਂ ਬਾਹਰ ਦੇ ਲੋਕਾਂ ਨਾਲ ਨਾ ਹੋਣ, ਜਿਸ ਦਾ ਆਧਾਰ ਕਿੱਤੇ, ਨਸਲ ਜਾਂ ਧਰਮ ਉੱਤੇ ਹੋਵੇ, ਜੋ ਆਰਥਿਕ ਤੌਰ ਉੱਤੇ ਉਨ੍ਹਾਂ ਸਮੂਹਾਂ ਉੱਪਰ ਨਿਰਭਰ ਕਰਦਾ ਹੈ, ਜਿਨ੍ਹਾਂ ਦੀ ਮੈਂਬਰੀ ਜਨਮ ਦੁਆਰਾ ਨਿਸ਼ਚਿਤ ਹੁੰਦੀ ਹੈ ਅਤੇ ਜਿਸ ਦੀ ਪਦਵੀ ਹਿੰਦੂ ਕਦਰ-ਪ੍ਰਨਾਲੀ ਅਨੁਸਾਰ ਨਿਸ਼ਚਿਤ ਹੁੰਦੀ ਹੈ, ਉਸ ਨੂੰ 'ਜਾਤ-ਸਮਾਜ' ਆਖਿਆ ਜਾਂਦਾ ਹੈ।

2 ਹਿੰਦੂ ਸਮਾਜ ਦੀ ਵੱਖ-ਵੱਖ ਸਮੂਹਾਂ ਵਿਚ ਵੰਡ, ਇਨ੍ਹਾਂ ਸਮੂਹਾਂ ਦਾ ਹਿੰਦੂ ਸਮਾਜ ਦੀ ਦਰਜੇ ਬੰਦੀ ਵਿਚ ਨਿਸ਼ਚਿਤ ਸਥਾਨ, ਸਜਾਤੀ ਵਿਆਹ-ਪ੍ਰਥਾ, ਖਾਣ-ਪੀਣ, ਰਹਿਣ ਅਤੇ ਛੋਹਣ (ਭਿੱਟ) ਤੋਂ ਪਰਹੇਜ, ਸਾਂਝਾ ਨਾਂ, ਜਨਮ ਦੁਆਰਾ ਮੈਂਬਰੀ ਦਾ ਨਿਸ਼ਚਿਤ ਹੋਣਾ ਅਤੇ ਜਾਤ-ਪੰਚਾਇਤ, ਕਿੱਤਈ ਵੰਡ ਅਤੇ ਇਨ੍ਹਾਂ ਦੀ ਪਰਸਪਰ ਨਿਰਭਰਤਾ, ਜਾਤ ਪ੍ਰਨਾਲੀ ਦੇ ਮੁੱਖ ਲੱਛਣ ਹਨ।

### ਤੀਜਾ ਅਭਿਆਸ

1 ਜਾਤ-ਪ੍ਰਨਾਲੀ ਵਿਚ ਆਰਥਿਕ ਸੰਬੰਧਾਂ ਨੂੰ ਜਜਮਾਨੀ ਸੰਬੰਧ ਆਖਿਆ ਜਾਂਦਾ ਹੈ, ਇਨ੍ਹਾਂ ਅਨੁਸਾਰ ਇੱਕ ਥਾਂ ਰਹਿਣ ਵਾਲੀਆਂ ਵੱਖ-ਵੱਖ ਜਾਤਾਂ ਦੇ ਲੋਕ ਜਿਨਸ ਦੀ ਪੈਦਾਵਾਰ ਨਾਲ ਸੇਵਾਵਾਂ ਦਾ ਵਟਾਂਦਰਾ ਕਰਦੇ ਹਨ।

2 ਜਾਤ-ਕਿੱਤਿਆਂ ਦਾ ਬਦਲਨਾ, ਜਾਤ-ਕਦਰਾਂ ਦਾ ਬਦਲਨਾ, ਦਰਜੇਬੰਦੀ ਦੀ ਪ੍ਰਨਾਲੀ ਦਾ ਬਦਲਨਾ, ਜਾਤ ਵਿਰੋਧਿਆਂ ਦਾ ਘਟਣਾ, ਸਜਾਤੀ ਵਿਆਹ ਦਾ ਘਟਣਾ, ਅਨੁਸੂਚਿਤ ਜਾਤ ਦੀ ਸਥਿਤੀ ਵਿੱਚ ਸੁਧਾਰ ਅਤੇ ਜਾਤਾਂ ਦੇ ਰਾਜਨੀਤਿਕ ਰੋਲ ਵਿਚ ਵਾਧਾ, ਜਾਤ-ਪ੍ਰਨਾਲੀ ਵਿੱਚ ਪਰਿਵਰਤਨ ਦੇ ਕੁੱਝ ਮੁੱਖ ਲੱਛਣ ਹਨ।